
# ਵਤਨੋਂ ਦੂਰ





OCTOBER 78

WATNO DUR - 60c

P.O. Box 67681 Stn 'O', Vancouver B.C. V5W 3V2

# KINGSGATE Body Shop Limited

***Body Shop and Mechanical Services For All Makes and Models***

*

We handle ICBC Claims
Courtesy Cars Available
(inc. Age Under 25)
Full Inventory of All Parts
For Fast and Efficient Service

**434-6608**
**24 Hrs.**

Call Amir Dhanani

Urdu, Punjabi and English, Gujrati and Hindi languages spoken.

**6856 Palm Ave., Burnaby, B.C.**
***One Block From Royal Oak & Imperial***
**USED AND REBUILT HONDAS AVAILABLE**

# AMIR'S JAPANESE AUTO SERVICE AND PARTS SUPPLIES LIMITED

Service and Tune Up Shop for All Makes and Models

***Complete Auto Service — Electronic Tune Ups, Brakes, Valves, etc.***

**USED, EXCHANGE AND REBUILT TRANSMISSION (std./auto.), MOTORS, CARBURETORS, STARTERS, ALTERNATORS, COURTESY CARS AVAILABLE**

Call Amir Dhanani

**434-6608**
**24 hrs.**

Urdu, Punjabi, English, Guljrati, and Hindi Languages spoken.

**6870 Palm Avenue, Burnaby, B.C.**
***One Block from Royal Oak and Imperial***

---

REALTORS



**MANJEET S. BHATTI**

BUS. 324-3888
RES. 434-4060

101 - 5316 VICTORIA DR.
VANCOUVER, B.C.
V5P 3V7

*Loverock* REALTY

ਘਰ ਖ੍ਰੀਦਣ ਜਾਂ ਵੇਚਣ ਜਾਂ ਹੋਰ
ਕਿਸੇ ਕਿਸਮ ਦੀ ਜਾਇਦਾਦ
ਖ੍ਰੀਦਣ ਤੋਂ ਪਹਿਲਾਂ ਮੁਫਤ
ਸਲਾਹ ਲਈ ਮਿਲੋ ਜਾਂ ਫੂਨ
ਕਰੋ

**For free consultation and professional advice in buying, selling or trading any type of real estate contact any time**

B G S B S

## BOMBAY GROCERY STORE

3950 MAIN STREET, VANCOUVER
874-3711

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



*NARESH SHUKLA*

B B C R R

## Bombay Curry Restaurant

*Licensed Premises*

3934 MAIN STREET, (23rd Ave.)
VANCOUVER
874-5722

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

WHOLESALE

ਸਸਤੇ ਭਾਅ ਗਰਾਸਰੀ ਖਰੀਦਣ ਲਈ ਤੇ ਸਵਾਦਿਸ਼ਟ ਖਾਣੇ ਲਈ

ਦਰਸ਼ਨ ਦਿਉ

RETAIL

*A DIVISION OF*

# SHUKLA ENTERPRISES LTD.
# NARESH SHUKLA & BROTHERS

---

## *John Ross Insurance Service Ltd.*

1829 WEST BROADWAY, VANCOUVER, B.C. V6J 1Y5 TELEPHONE 731-5258

# Invites you to compare these home-owners' rates to what you are now paying

FOR ONLY **$101** — $50,000 Home Owners

FOR ONLY **$138** — $75,000 Home Owners

FOR ONLY **$182** — $100,000 Home Owners

## NOT ONLY THIS BUT FOR COMMERCIAL BUSINESS, ALSO WITH A-ONE SERVICE

*FOR COMPLETE INSURANCE — GENERAL & LIFE* Autoplan

# GRAND OPENING

ਵੈਨਕੋਵਰ 'ਚ ਫਰੇਜ਼ਰ ਤੇ

ਵਧੀਆ ਤੇ ਸਵਾਦੀ ਛੋਲੇ ਭਟੂਰੇ ਖਾਣ ਲਈ

## ਭਟੂਰਾ ਹੱਟ ਖੁਲ੍ਹ ਗਿਆ

**Come visit us for all your grocery requirements. We carry all kinds of East Indian groceries. Not only this, but those special ingredients for your special delicious dishes.**

**ਤਾਜ਼ੀਆਂ ਸਬਜ਼ੀਆਂ, ਫ਼ਰੂਟ ਤੇ ਗਰੋਸਰੀ**

**ਸਸਤੀਆਂ ਮਿਲ ਸਕਣਗੀਆਂ**

***Open 7 days a week***

# BHATURA HUT

**5802 Fraser St Vancouver**

**Bus.324-1006**

**WATNO DUR**
**P.O. Box 67681**
**Postal Stn. 'O'**
**Vancouver, B.C.**
**V5W 3V2**

VOL. 7 NO. 63 OCTOBER 78

2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00

EDITORIAL BOARD:
Surinder Dhanjal, 256-0436 (Windsor)
Ajmer Rodey, 438-7793
Amarjit Chahal, 892-3085

MANAGING EDITORS:
Raghbir Mand, 325-9564
Paul Binning, 879-3339

EDITOR:
Sadhu, 437-9014

ADVERTISING EDITORS:
Naresh Shukla, 874-5722
685-2633
Karamjit Ghuman, 321-6081

WATNO DUR REPRESENTATIVES:
Iqbal Ramuwalia, Waterloo (884-7131)
Sarwan Boal, Montreal (679-8132)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

# ਇਸ ਅੰਕ ਵਿਚ:-

## ਕਹਾਣੀਆਂ—

ਵਰਿਆਮ ਸੰਧੂ 6
ਕੁਲਵੰਤ ਸਰੋਤਾ 30
ਭੂਰਾ ਸਿੰਘ ਕਲੇਰ 37

## ਕਵਿਤਾ—

ਕੇਸਰ ਸਿੰਘ 7
ਸੁਰਜੀਤ ਕਲਸੀ 8
ਕਿਸ਼ਨ ਸਿੰਘ ਐਮ. ਏ. 8
ਹਰਿੰਦਰ ਕੌਰ 9
ਸੁਖਵੰਤ ਹੁੰਦਲ 10
ਕਰਮਜੀਤ ਧੁਮਾਣ 10
ਸੰਤ ਰਾਮ ਉਦਾਸੀ 11
ਗੁਰਬਖਸ਼ ਜਸ 12
ਪ੍ਰੀਤਮ ਸਿੰਘ ਰਾਹੀ 13
ਸੁਰਜੀਤ ਬਰਾੜ 14
ਦਲਬੀਰ ਚੇਤਨ 14

## ਸਥਾਈ ਕਾਲਮ—

ਆਪਣੇ ਲੋਕ
—ਅਜਮੇਰ ਰੋਡੇ 27
ਸੰਜੀਵਨੀ ਬੂਟੀ
—ਅਜੈਤ ਸਿੰਘ ਕਾਵਲੀ 36

ਗੁਫਤਗੂ 20
ਸਾਡੇ ਵਿਚਾਰ 31
ਰੀਪੋਰਟ 33
ਦਰਪਣ 34

ਵਤੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

# ਸੁਨਹਿਰੀ ਕਿਣਕਾ

## ਦਰਿਆਮ ਸੰਧੂ

ਪਾਟੀ ਬੁੱਕਲ ਵਿਚ ਹੱਥ ਲਾਂਗਣ ਵਾਲਾ ਪੁਰਾਣਾ ਖੱਦਾ ਦਾਤਰ ਲਈ ਉਹ ਰੋਜ਼ ਕਿਸੇ ਨਾ ਕਿਸੇ 'ਕਮਦਰਦ' ਅੱਗੇ ਆ ਸੁਆਲ ਪਾਉਂਦਾ ਕਿ ਉਹ ਉਹਦੇ ਹੱਥੋਂ ਦਾਤਰ ਲੈ ਕੇ ਉਹਦੀ ਧੌਣ 'ਤੇ ਮਾਰੇ ਤੇ ਇਕੋ ਹੀ ਟੱਪ ਨਾਲ ਉਹਨੂੰ ਪਾਰ ਬੁਲਾਵੇ। ਅਗਲਾ ਹੱਸ ਕੇ ਗੱਲ ਟਾਲ ਦਿੰਦਾ, "ਫੌਜਿਆ! ਇਹ ਜਨਮ ਅਮੋਲਕ ਹੀਰਾ, ਸਬੱਬ ਨਾਲ ਹੱਥ ਲੱਗਿਆ। ਕਮਲਿਆ! ਰੱਬ ਤੇਰੀਆਂ ਲੰਮੀਆਂ ਉਮਰਾਂ ਕਰੇ...ਤੇ ਅਜੇ ਵੀ ਐਸ ਦਾਤਰ ਨਾਲ ਤਾਂ ਤੈਨੂੰ ਪੰਜੀ ਸਾਲੀ ਉਮਰ ਕਟੇਂਦਾ ਰਹੇ ਮਾਂ ਜਾਵੇਂ...ਤੇਰੀ ਧੌਣ ਨੂੰ ਕੋਈ ਖਤਰਾ ਥੋੜ੍ਹਾ!..."

ਤੇ ਫੌਜੂ—ਜਿਸਨੇ ਚਾਦਰ ਲਾਹ ਕੇ ਧਰਤੀ 'ਤੇ ਰੱਖੀ ਹੋਈ ਸੀ, ਕਮੀਜ਼ ਦੇ ਬਟਨ ਖੋਲ੍ਹੇ ਹੁੰਦੇ ਸਨ ਤੇ ਸੱਪ ਵਾਂਗ ਧੌਣ ਸਿੱਧ ਕੀਤੀ ਹੁੰਦੀ ਸੀ ਤਾਂ ਕਿ ਟੱਪ ਵੱਜਦਿਆਂ ਧੌਂਦੀ ਸੱਟੇ ਹੀ ਉਹਦੀ ਧੌਣ ਧੜ ਨਾਲੋਂ ਅੱਡ ਹੋ ਜਾਵੇ ਤੇ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਪੇਸ਼ ਨਾ ਆਵੇ-ਅਗਲੇ ਦੀਆਂ ਅੱਖਾਂ 'ਚ ਅੱਧਾ ਤਰਲੇ ਨਾਲ ਤੇ ਅੱਧਾ ਗੁੱਸੇ ਨਾਲ ਵੇਖਦਾ।

"...ਓ ਢੂਈ ਮਾਰ ਮੋਲਕ ਹੀਰੇ ਦੀ...ਤੂੰ ਵੀ ਨੇਕੀ ਦਾ ਕੰਮ ਕਰ ਲਾ ਖਾਂ ਫਿਰ...ਤੂੰ ਪੁੱਛ ਨੇਕੀ ਦਾ ਕਿਉਂ?...ਤੂੰ ਦੱਸ ਮੇਰਾ ਜਿਉਣ ਦਾ ਕੋਈ ਹੱਜ ਆ?... ਆਪੇ ਤਾਂ ਸਾਰਾ ਮੁਲਖ ਆਂਹਦੇ ਜੇ, ਇਹਦੇ ਨਾਲੋਂ ਤਾਂ ਮਰ 'ਜੇਂ ਤਾਂ ਚੰਗਾ...ਤੇ ਫਿਰ ਮਾਰਦੇ ਵੀ ਨ੍ਹੀਂ...ਦੇਖ ਲਾ ਤੂੰ ਐਸ ਜੱਗ 'ਚ ਮੇਰੇ ਕੰਮ ਆਏਂਗਾ...ਸੋਹਣਿਆਂ! ਮੈਂ ਅਗਲੇ 'ਚ ਤੇਰਾ ਕੁਝ ਸੁਆਰ ਦੂੰ...ਬੰਦੇ ਨੂੰ ਬੰਦੇ ਲੋੜਦੀ ਸੌ ਲੋੜ ਰਹਿੰਦੀ ਆ...ਗਲੀ ਦਾ ਕੱਖ ਵੀ ਵਾਜੇ ਵੇਲੇ ਕੰਮ ਆ ਜਾਂਦਾ...ਤੂੰ ਪੁੱਛ ਕਿਉਂ?..."

ਜਦੋਂ ਉਹਦਾ ਕੀਤਾ ਤਰਲਾ ਕੋਈ ਮੰਨਣ ਵਿਚ ਨਾ ਆਉਂਦਾ ਤੇ ਅਗਲਾ ਬਿਨਾਂ ਕਿਸੇ ਸ਼ਿਸ਼ਟਾਚਾਰ ਦੀ ਪਰਵਾਹ ਕੀਤਿਆਂ ਉਹਨੂੰ ਉਥੇ ਉਂਜ ਹੀ ਬੈਠਾ ਛੱਡਕੇ ਤੁਰ ਪੈਂਦਾ ਤੇ ਜਾਂ ਉਹਨੂੰ ਓਥੋਂ ਉੱਠਕੇ ਤੁਰ ਜਾਣ ਲਈ ਨਿਰਸੰਕੋਚ ਹੋ ਕੇ ਕਹਿ ਦਿੰਦਾ, "ਜਾਹ ਭਾਈਆ! ਗਾਲੋਂ ਲੱਥ...ਨਾਲੇ ਮੈਨੂੰ ਜ਼ਰੂਰ ਟਾਹੇ ਲੁਆਉਣਾ ਈ..."

ਪਹਿਲੇ ਕੁਝ ਦਿਨ ਇਹਨੂੰ ਆਪਣੇ ਯਤਨਾਂ ਵਿਚੋਂ ਸਫਲਤਾ ਨਾ ਮਿਲਣ ਕਰਕੇ ਉਹਦੇ ਪੁਰਾਣੇ ਯਾਰ ਵਾਂਗੀ ਮਿਲਖੇ ਨੇ ਕਿਹਾ ਸੀ, "ਫੌਜਿਆ! ਅਜ ਕਲ ਭਾਊ ਪੈਸੇ ਦਾ ਜ਼ਮਾਨਾ... ...ਪੈਸਾ ਸੜੀਆਂ ਬਲੀਆਂ ਖੁੱਡੀਆਂ ਕੱਢ ਦਿੰਦਾ...ਕਿਸੇ ਨੂੰ ਦੱਸੀ ਜੀਰਾ ਸੌਹ... ਪੈਸੇ ਮੱਥੇ ਮਾਰ...ਤੇਰਾ ਕੰਮ ਹੋਇਆ ਲੈ..."

ਆਪਣੇ ਦਿਲ ਕੋਲ ਪਤਾ ਨਹੀਂ ਕਿਧਰੋਂ ਮੁੜੇ ਤੁੜੇ ਨੋਟ ਕੁਚੈਲੇ ਦਸਾਂ ਦਸਾਂ ਦੇ ਤਿੰਨ ਨੋਟ ਲੈ ਆਇਆ ਤੇ ਮਿਲਖੇ ਨੂੰ ਦੇ ਕੇ ਕਹਿਣ ਲੱਗਾ, "ਆਹ ਲੈ ਤੀਹ ਰੁਪਈਏ...ਮੈਂ ਤੈਨੂੰ ਸੱਚ ਦਊਂ...ਤੂੰ ਪੁੱਛ ਹੁਣ ਤੀਹ ਕਿਉਂ?...ਆਹ ਤੀਹ ਤਾਂ ਹੱਥੇ ਦਾਤਰ ਮਾਰਨ ਦੇ...ਤੇ ਜਦੋਂ ਵੱਜ ਗਿਆ ਤੀਹ ਉਸੇ ਵੇਲੇ ਨਕਦੋ ਨਕਦ ਲਵੀਂ..."

ਮਿਲਖਾ ਕਹਿੰਦਾ ਸੀ ਉਹਨੂੰ ਸਾਰੀ ਰਕਮ ਪੇਸ਼ਗੀ ਚਾਹੀਦੀ ਸੀ ਤੇ ਫੌਜੂ ਕਹਿੰਦਾ ਸੀ, "...ਨਾ ਭਾਊ ਤੂੰ...ਤੇਰਾ ਕਦੋਂ ਤੇ ਨ੍ਹੀਂ ਹੋਣਾ...ਤੂੰ ਪੁੱਛ ਕਿਉਂ?...ਤੂੰ ਪਿੱਛੋਂ ਧੋਖਾ ਕਰ 'ਜੇਂ...ਮੈਂ ਤੇਰਾ ਕੀ ਪੁੱਟ ਲੂੰ..."

ਆਪਣੇ ਨਾਲ ਧੋਖਾ ਹੋ ਜਾਣ ਤੋਂ ਉਹ ਇਸ ਕਰਕੇ ਵੀ ਡਰਦਾ ਸੀ, ਕਿਉਂਕਿ ਜ਼ਿੰਦਗੀ ਵਿਚ ਉਸ ਨਾਲ ਹੋਏ ਧੋਖਿਆਂ ਦਾ ਜ਼ਿਕਰ ਇਤਿਹਾਸ ਉਹ ਤੇ ਉਹਦੇ ਆਲੇ ਦੁਆਲੇ ਦੇ ਲੋਕ ਗਿਣ ਕੇ ਸੁਣਾ ਸਕਦੇ ਸਨ। ਜਦੋਂ ਅਜੇ ਉਹਦੀ ਮਾਨਸਿਕ ਹਾਲਤ ਅਸਾਵੀਂ ਨਹੀਂ ਸੀ, ਉਹ ਉਦੋਂ ਆਪਣੇ ਨਾਲ ਹੋਏ ਸਭ ਤੋਂ ਪਹਿਲੇ ਧੋਖੇ...ਜਿਸਨੂੰ ਉਹ 'ਧੱਕਾ' ਕਿਹਾ ਕਰਦਾ ਸੀ, ਦਾ ਜ਼ਿਕਰ ਕਰਦਾ, "ਪਹਿਲਾ ਧੱਕਾ ਤਾਂ ਸਾਡੇ ਨਾਲ ... ਨੇ ਕੀਤਾ ... ਤੂੰ ਪੁੱਛ ਕਿਉਂ?—ਜਿਹੜੇ ਸਾਡੇ ਨੇੜ ਜੱਟਾਂ ਦੇ ਘਰ ਸੀਗੇ ਤਾਂ...ਜਿਨ੍ਹਾਂ ਦੀ ਨਾ ਜ਼ਮੀਨ ਨਾ ਜਾਇਦਾਦ...ਜਿਹੜੀ ਹੈ ਵੀ ਸੀ...ਉਹ ਵੀ ਸਾਰੀ ਕੱਲਰ ਬੰਜਰ...ਤੇ ਜੇ ਥੋੜ੍ਹੀ ਬਣੀ ਵੀ ਤਾਂ ਅਗਲੇ ਢੂਈ ਕੁੱਟ ਗੇ.. ਜੰਮਣਾ ਵੀ ਸੀ ਤਾਂ ਕਿਸੇ ਰੱਜਦੇ ਪੁੱਜਦੇ ਅਗਲੇ ਘਰੇ ਦੇ ਘਰ ਜੰਮਦਾ

...ਤੂੰ ਪੁੱਛ ਕਿਉਂ ?...ਲਾਲੇ ਦੇ ਘਰ ਜੰਮਦੇ...ਟੱਲੀਆਂ 'ਚ ਰਹਿੰਦੇ... ਪਦਾਰਥ ਮੇਵੇ ਛਕਦੇ . " ਫਿਰ ਉਹ ਮੁੱਛਾਂ 'ਚ ਪਚਦਾ ਜਿਹਾ ਹੱਸਦਾ, "ਗੁਲਗੁਲੇ ਅਰਗੇ ਲਾਲੇ ਦੇ ਘਰ ਜੰਮਦੇ...ਗੁਲਗੁਲੇ ਅਰਗੀ ਜ਼ਨਾਨੀ ਮਿਲਦੀ...ਡੱਕੀਆਂ ਵੱਢ ਵੱਢ ਖਾਣ ਆਲੀ..."

ਇੰਜ ਜੰਮਣ ਮਰਣ ਹੋਣੇ ਧੰਦੇ ਤੋਂ ਤਾਂ ਕਈ ਵਾਰ ਇੰਜ ਲੱਗਦਾ ਜਿਵੇਂ ਉਹਦਾ ਜੰਮਣਾ ਹੀ ਇਕ ਗ਼ਲਤੀ ਸੀ। ਪਰ ਇਸ ਦੀ ਉਹ ਇਸ ਗ਼ਲਤੀ ਹੰਢਾਉਂਦਾ ਆਇਆ ਸੀ। ਜਿਉਂਦਾ ਆਇਆ ਸੀ ਤੇ ਸੱਠ ਪੈਂਹਠ ਸਾਲ ਦੀ ਉਮਰ ਵਿਚ ਆਕੇ ਹੁਣ ਉਹਨੂੰ ਖ਼ਬਰੇ ਕੀ ਹੋ ਗਿਆ ਸੀ, ਉਹ ਮਰਨ ਲਈ ਕਾਹਲਾ ਪੈ ਰਿਹਾ ਸੀ। ਇਹ 'ਹੀਰਾ ਅਮੋਲਕ ਜਨਮ' ਉਸਨੂੰ ਨਿਰਾਰਥਕ ਜਾਪਣ ਲੱਗ ਪਿਆ ਸੀ। ਉਹ ਅੱਜ ਦਾ ਹੈਰਾਨ ਵੀ ਹੁੰਦਾ ਸੀ ਕਿ ਜੇ ਉਹਦਾ ਜਨਮ ਲੈਣਾ ਹੀ ਠੀਕ ਨਹੀਂ ਸੀ ਤਾਂ ਏਨੀ ਲੰਮੀ ਜੂਨ ਵਰਗੀ ਜ਼ਿੰਦਗੀ ਉਹ ਕਿਵੇਂ ਜੀ ਆਇਆ ਸੀ ? ਤੇ ਉਹ ਸੋਚਦਾ ਰਹਿੰਦਾ ਉਹਦੇ ਜੰਮਣ ਖੁਣੋਂ ਕੀ ਖੁੜਿਆ ਪਿਆ ਸੀ ! ਜੇ ਭਲਾ ਉਹ ਨਾ ਵੀ ਜੰਮਦਾ ਤਾਂ ਸੰਸਾਰ ਵਿਚ ਭਲਾਂ ਕਿਹੜੀ ਗੱਲ ਹੋਣੋ ਰਹਿ ਜਾਣੀ ਸੀ ! ਤੇ ਚੱਲੋ ਜੇ ਉਹ ਗ਼ਲਤੀ ਨਾਲ ਜਾਂ ਕੁਦਰਤੀ ਮੇਲ ਮਿਲ ਜਾਣ 'ਤੇ ਜੰਮ ਹੀ ਪਿਆ ਸੀ ਤਾਂ ਏਨੀ ਜ਼ਿੰਦਗੀ ਜਿਉਂ ਕੇ ਉਹਨੇ ਕਿਹੜਾ ਪਹਾੜ ਢਾਹ ਦਿੱਤਾ ਸੀ ! ਤੇ ਜੇ ਹੁਣ ਉਹ ਭਲਾ ਮਰ ਵੀ ਜਾਵੇ ਤਾਂ ਕਿਹੜੇ ਮੇਲੇ ਲੱਗਣੋ ਹਟ ਜਾਣਗੇ ?...ਤੇ ਇਹ ਜ਼ਿੰਦਗੀ ਸੀ ਵੀ ਕੀ ? ਇਸ ਵਿਚ ਕੀ ਧਰਿਆ ਪਿਆ ਸੀ ? ਇਸ ਨਾਲੋਂ ਤਾਂ ਉਹ ਮਰ ਹੀ ਜਾਵੇ ਤਾਂ ਚੰਗਾ ਹੈ।...ਅਖ਼ੀਰ ਉਸਨੇ ਮਰਨ ਦਾ ਫ਼ੈਸਲਾ ਕਰ ਹੀ ਲਿਆ ਸੀ। ਹਾਂ ਉਹ ਮਰ ਜਾਵੇਗਾ। ਪਰ ਮਰੇ ਕਿਵੇਂ ?...ਭਾਵੇਂ ਆਤਮ-ਘਾਤ ਕਰਨ ਦੇ ਅਨੇਕਾਂ ਨਵੇਂ ਢੰਗ 'ਈਜਾਦ' ਹੋ ਗਏ ਸਨ ਪਰ ਪਤਾ ਨਹੀਂ ਕਿਉਂ ਉਹ ਆਤਮਘਾਤ ਕਰਨ ਤੋਂ ਤ੍ਰਹਿੰਦਾ ਸੀ। ਪਹਿਲੇ ਦਿਨੀਂ ਉਸ ਆਪ ਹੀ ਦਾਤਰ ਲੈ ਕੇ ਆਪਣੇ ਆਪਨੂੰ ਝਟਕਾਉਣ ਦਾ ਇਰਾਦਾ ਕਰ ਲਿਆ। ਬੂਹਾ ਢੋਹ ਕੇ, ਹਿੰਮਤ ਕਰਕੇ ਉਸਨੇ ਦਾਤਰ ਆਪਣੀ ਧੌਣ ਨਾਲ ਛੁਹਾਇਆ। ਉਸਨੂੰ ਜਲੂਣ ਜਿਹੀ ਹੋਈ। ਫਿਰ ਉਹਨੇ ਦਾਤਰ ਦੀ ਖੁੰਢੀ ਧਾਰ ਦੇ ਤਿੰਨ ਵਾਰ ਆਪਣੇ ਗੁੱਟ 'ਤੇ ਪਲ ਪਲ ਮਾਰ ਕੇ ਵੇਖੇ। ਤੇ ਫਿਰ ਜਿਵੇਂ ਉਸਨੇ ਇਰਾਦਾ ਬਦਲ ਲਿਆ। ਆਪਣੇ ਆਪਨੂੰ ਮਾਰਨਾ ਬਾਹਲਾ ਔਖਾ ਕੰਮ ਸੀ। ਕੋਈ ਹੋਰ ਜੇ ਕਿਤੇ ਕੀ ਢੰਗ ਨਾਲ ਉਹਨੂੰ ਮਾਰ ਦੇਵੇ ਤਾਂ ਠੀਕ ਰਹੇਗਾ।...ਤੇ ਉਸ ਦਿਨ ਤੋਂ ਉਹ ਦਰ ਦਰ 'ਤੇ ਜ਼ਿੰਦਗੀ ਦੀ ਥਾਂ ਮੌਤ ਦੀ ਭੀਖ ਮੰਗਦਾ ਫਿਰਦਾ ਸੀ। ਪਰ ਹਰ ਦੁਆਰੇ ਤੋਂ ਉਸਨੂੰ ਨਿਰਾਸ਼ਾ ਦਾ ਮੂੰਹ ਹੀ ਵੇਖਣਾ ਪੈਂਦਾ। ਲੋਕ ਉਹਦੀ ਮੂਰਖਤਾ ਤੇ ਹੱਸਦੇ ਤੇ ਕੁਝ ਉਹਦੀ ਖ਼ੁਸ਼ਾਮਦ 'ਤੇ ਤਰਸ ਖਾਂਦੇ। ਤੇ ਉਹ ਨਿਰਾਸ਼ਾ ਦਾ ਲੰਮਾ ਹੋਕਾ ਭਰਦਾ, "ਹੇ ਰੱਬਾ !...ਤੂੰ ਬੜਾ ਲਾਪਰਵਾਹ ਐ..." 'ਬੇਪਰਵਾਹ' ਦੀ ਥਾਂ ਉਹ ਸਦਾ ਰੱਬ ਨੂੰ 'ਲਾਪਰਵਾਹ' ਹੀ ਆਖਦਾ ਸੀ, "...ਤੇਰੀ ਦਰਗਾਹ 'ਚ ਕੋਈ 'ਨਿਆਂ' ਨੀਂ।...ਤੂੰ ਵੀ ਠਗੜਿਆਂ ਦਾ...ਕਿਤੇ ਮੁਸ਼ਰਫ਼ ਦੇ ਆਵੇਂ ਵੱਸ...ਤੂੰ ਪੁੱਛ ਕਿਉਂ ?... ਸਾਨੂੰ ਜੁ ਦੇਣਾ ਸਹਾਰਿਆ ਸੀ...ਲੰਮਾ ਪਾ ਲੇ ਤੈਨੂੰ ਵਾਹਣਾਂ 'ਚ ਤੇ ਭਰਿ ਪੇ ਡਾਂਗੀਂ..."

...ਤੇ ਉਹ ਤੁਰਿਆ ਜਾਂਦਾ ਸਾਰੀ ਜ਼ਿੰਦਗੀ 'ਤੇ ਤੈਰ ਜਾਂਦਾ। ਜਿਹੜੀ ਜ਼ਿੰਦਗੀ ਹੁਣ ਉਸਨੂੰ ਬੋਝ ਲੱਗਦੀ ਸੀ, ਨਰਕ ਲੱਗਦੀ ਸੀ ਤੇ ਜਿਹੜੀ ਜ਼ਿੰਦਗੀ ਦੇ ਉਹ ਢੇਰੇ ਸਾਲ ਗੁਜ਼ਾਰ ਲਿਆ ਸੀ ਕਿ ਉਸਨੂੰ ਪਲਾਂ ਛਿਣਾਂ ਦੀ ਗੱਲ ਲੱਗਦੀ ਸੀ।...ਆਖ਼ਰ ਕੁਝ ਤਾਂ ਹੋਵੇਗਾ ਹੀ ਜ਼ਿੰਦਗੀ ਵਿਚ ? ਨਹੀਂ ਤਾਂ ਏਨਾਂ ਲੰਮਾ ਸਮਾਂ ਉਹ ਕਿਵੇਂ ਜੀ ਸਕਦਾ ਸੀ ?... ਤੇ ਉਹ ਮੁੱਢੋਂ ਸੁੱਢੋਂ ਵੇਖਦਾ।

...ਮਦਰੱਸੇ ਵਿਚ ਮੌਲਵੀ ਅਬਦੁਲ ਗਨੀ ਦੀ ਕੁੱਟ ਉਹਦੇ ਲਈ ਪਹਿਲਾ ਨਰਕ ਸੀ ਤੇ ਮਦਰੱਸੇ ਨਾਲ ਉਹਦੀ ਯਾਰੀ ਬਹੁਤੀ ਦੇਰ ਨਾ ਨਿਭੀ। ਉਹ ਡੰਗਰਾਂ ਪਿੱਛੇ ਪਿਉ ਦੇ ਕਹਿਣ ਅਨੁਸਾਰ 'ਮਾਲ ਅਫ਼ਸਰ' ਲੱਗ ਗਿਆ। ਉਹਦਾ ਵੱਡਾ ਭਰਾ ਪ੍ਰੀਤੂ ਪਹਿਲਾਂ ਹੀ ਪਿਉ ਨਾਲ ਵਾਹੀ ਵਿਚ ਪੂਰਾ ਹੱਥ ਵਟਾਉਂਦਾ ਸੀ।...ਇੰਜ ਮਾਂ ਪਿਉ ਦੇ ਪਿਆਰ ਦੀ ਛਾਂ ਵਿਚ ਪਲਦੇ, ਯਾਰਾਂ ਨਾਲ ਡੰਗਰਾਂ ਪਿੱਛੇ ਹੇਕਾਂ ਲਾਉਂਦੇ, ਪਿੰਡ ਦੀ ਵੱਡੀ ਢਾਬ ਵਿਚ ਡੰਗਰ ਵਾੜ ਕੇ ਗਰਮੀਆਂ ਦੀਆਂ ਸਾਰੀਆਂ ਦੁਪਹਿਰਾਂ ਨਹਾਉਂਦੇ, ਤਾਰੀਆਂ ਲਾਉਂਦੇ ; ਪਿੰਡੋਂ ਕਈ ਕਈ ਮੀਲ ਦੂਰ ਮੇਲੇ ਤੇ ਛਿੰਝਾਂ ਵੇਖਣ ਜਾਂਦੇ ; ਸਿਆਲ ਦੀਆਂ ਰਾਤਾਂ ਵਿਚ ਨਾਚਿਆਂ ਦੇ ਗੌਣ ਸੁਣਦੇ ਤੇ ਪਿੰਡ ਦੇ ਸਾਂਝਿਆਂ ਵਿਚ ਕੋਈ ਖੇਡਦੇ ਰੰਗ ਦੇ ਉਹਨਾਂ ਦਿਨਾਂ ਦੀ ਯਾਦ ਉਹਨੂੰ ਹੁਣ ਕਾਲੀ ਰਾਤ ਜੇਹੀ ਜ਼ਿੰਦਗੀ ਵਿਚ ਕੋਸੀ ਕੋਸੀ ਧੁੱਪ ਵਾਂਗ ਲੱਗਣ ਲੱਗ ਜਾਂਦੀ ਤੇ ਉਹਦੀਆਂ ਨਾੜਾਂ ਵਿਚ ਖ਼ੂਨ ਪੰਘਰ ਪੈਂਦਾ।

ਉਹ ਦਿਨ...ਸੱਚੀਂ ਉਹਦੇ ਅੰਦਰ ਇਕ ਅਲਕ ਵਛੇਰੇ ਵਾਲੀ ਛੂਹਣੀ ਸੀ। ਭਾਵੇਂ ਉਸਤੇ ਕੋਈ ਅਲੋਕਾਰ ਜਵਾਨੀ ਨਹੀਂ ਸੀ ਆਈ ਪਰ ਫਿਰ ਵੀ ਉਹ ਹੱਡਾਂ ਪੈਰਾਂ ਦਾ ਮੋਕਲਾ

## ਝਨਾਂ ਦੇ ਨਾਂ

**ਕੇਸਰ ਸਿੰਘ ਨਾਵਲਿਸਟ**

ਝਨਾਂ, ਓਏ ਝਨਾਂ
ਤੂੰ ਮੇਰੇ ਦੇਸ ਦੀ ਸ਼ਾਹ-ਰਗ
ਤੂੰ ਵਹਿੰਦਾ
ਤੂੰ ਸੁਕਦਾ
ਤੂੰ ਕਰਦਾ ਅਠਖੇਲੀਆਂ
ਕਿਥੇ ਛੁਪਾਈ ਉ ਸੋਹਣੀ
ਕਿਥੇ ਛੁਪਾਇਆ ਈ ਮਹੀਂਵਾਲ
ਉਹ ਦੇਸ ਮੇਰੇ ਦੇ ਮੋਤੀ
ਤੂੰ ਨਿਗਲੇ ਸੀ
ਹੁਣ ਉਛਾਲ
ਹੁਣ ਉਛਾਲ
ਲੋੜ ਉਹਨਾਂ ਦੀ ਸਾਨੂੰ
ਡਾਢੀ ਲੋੜ
ਡਾਢੀ ਲੋੜ
ਸਾਡਾ ਕਿਹਾ ਨਾ ਮੋੜ
ਬੇਲੀਆ
ਸਾਡਾ ਕਿਹਾ ਨਾ ਮੋੜ
ਓ ਝਨਾਂ, ਓ ਝਨਾਂ।
ਵੀਰਾਂ ਵੰਡੇ ਖੇਤ
ਵੀਰਾਂ ਪਾਈਆਂ ਵੱਟਾਂ
ਤੂੰ ਵਹਿੰਦਾ
ਤੂੰ ਸੁਕਦਾ
ਕਰਦਾ ਤੂੰ ਅਠਖੇਲੀਆਂ
ਬੋਲਿਆ ਇਕ ਨਾ ਬੋਲ
ਨਾ ਤੂੰ ਸਮਝਾਇਆ ਵੀਰਨਾ
ਨਾ ਕੋਰੀ ਕੀਤੀ ਅੱਖ
ਨਾ ਤੂੰ ਵਿਛੜੇ ਮੇਲਦਾ
ਦਿਸਦਾ ਇਹ ਪਰਤੱਖ
ਕੀ ਤੂੰ ਸੁਤਾ ਸੌਂ ਗਿਆ
ਕਦ ਹੋਣੀ ਤੇਰੀ ਭੋਰ
ਜਾਗ ਝਨਾਂ, ਤੂੰ ਜਾਗ
ਦੇ ਸੋਹਣੀ ਸਾਡੀ ਮੋੜ
ਮਹੀਂਵਾਲ ਦੇ ਕੋਲ।
ਸਾਡਾ ਕਿਹਾ ਨਾ ਮੋੜ
ਬੇਲੀਆ
ਸਾਡਾ ਕਿਹਾ ਨਾ ਮੋੜ
ਓ ਝਨਾਂ, ਓ ਝਨਾਂ।

(Edmonton, Alberta)

ਅਤੇ ਆਪਣੇ ਹਾਣੀਆਂ ਤੋਂ ਸਿਰ ਕੱਢਦਾ ਸੀ । ਲਵੇਰਾ ਹਰ ਵੇਲੇ ਰਹਿੰਦਾ ਸੀ, ਦੁੱਧ ਘਿਉ ਖਾਣ ਨੂੰ ਮਿਲ ਜਾਂਦਾ ਸੀ । ਉਂਜ ਵੀ ਮੱਝਾਂ ਚਾਰਨ ਦਾ ਕੰਮ ਉਸਦੇ ਜ਼ਿੰਮੇ ਹੋਣ ਕਰਕੇ ਧਾਰਾਂ ਉਹੋ ਹੀ ਕੱਢਦਾ ਤੇ ਕਈ ਵਾਰ ਦੂਜਿਆਂ ਦੇ ਹਿੱਸੇ ਦਾ ਵੀ ਉਹੋ ਹੀ ਛਕ ਜਾਂਦਾ । ਉਹਦੇ ਜਿਸਮ ਦਾ ਤਾਣ ਉਹਦੇ ਅੰਦਰ ਉਮਰ ਵੱਟੇ ਭੰਨਦਾ ਰਹਿੰਦਾ । ਉਹਦੇ ਬਦਨ 'ਚ ਚੰਗਿਆੜੇ ਫੁੱਟਦੇ ਰਹਿੰਦੇ । ਉਹਦਾ ਦਿਲ ਕਰਦਾ ਨਿਆਈਆਂ ਵਾਲੇ ਜ਼ੈਲਦਾਰਾਂ ਦੇ ਖੂਹ ਉਤਲੇ ਮੰਘਣੇ ਬੋਹੜ ਵਾਂਗ ਸਾਰੇ ਪਿੰਡ 'ਤੇ ਫੈਲ ਜਾਵੇ ਤੇ ਉਸਨੂੰ ਆਪਣੀ ਛਾਂ ਨਾਲ ਢਕ ਦੇਵੇ ।...ਤੇ ਇਕ ਦਿਨ ਪਿੰਡ ਦੀ ਰੌੜ ਵਿਚ ਰੱਸਾ ਖਿੱਚ ਰਹੇ ਮੁੰਡਿਆਂ ਦੀ ਕਤਾਰ ਵਿਚ ਉਹ ਵੀ ਜਾ ਖਲੋਤਾ । ਕੱਦ ਦਾ ਵੱਡਾ ਤੇ ਸਰੀਰ ਦਾ ਤਕੜਾ ਹੋਣ ਕਰਕੇ ਉਸਨੂੰ ਸਭ ਤੋਂ ਅੱਗੇ ਬੀਂਡੀ ਪਾਇਆ ਗਿਆ । ਰੱਸਾ ਖਿੱਚਣ ਸਮੇਂ ਉਹ ਆਪਣੇ ਪਾਸੇ ਟੇਢਾ ਹੋ ਕੇ ਤਣ ਗਿਆ । ਰੱਸਾ ਉਹਦੇ ਮੋਢਿਆਂ ਤੋਂ ਵਲ ਦੇ ਪਾਇਆ ਹੋਇਆ ਸੀ ਤੇ ਉਹਨੂੰ ਅਹਿਸਾਸ ਸੀ ਜੇ ਰੱਸਾ ਖਿੱਚਿਆ ਗਿਆ ਤਾਂ ਬੀਂਡੀ ਲੱਗਾ ਹੋਣ ਕਰਕੇ ਤੇ ਪਹਿਲੇ ਦਿਨ ਆਇਆ ਕਰਕੇ ਉਹਦੀ ਬਾਹਲੀ ਨਮੋਸ਼ੀ ਹੋਣੀ ਸੀ । ਜਦੋਂ ਆਪਣੇ ਦੁਆਲੇ ਵਲੇ ਰੱਸੇ ਸਮੇਤ ਉਹਨੂੰ ਪਹਿਲਾ ਹੁਜਕਾ ਵੱਜਾ ਤਾਂ ਉਹਦੇ ਜੰਮੇ ਹੋਏ ਪੈਰ ਇਕ ਪਲ ਲਈ ਉੱਖੜੇ । ਉਹਨੂੰ ਲੱਗਾ ਵਿਰੋਧੀ ਧਿਰ ਹੁਣੇ ਉਹਦੀ ਟੋਲੀ ਨੂੰ ਖਿੱਚ ਕੇ ਲੈ ਜਾਵੇਗੀ ਤੇ ਉਹਦੇ ਮੱਥੇ ਨਮੋਸ਼ੀ ਦੀ ਕਾਲਖ ਮਲੀ ਜਾਵੇਗੀ । ਦੂਜੇ ਛਿਣ ਉਹਨੇ ਧਰਤੀ ਵਿਚ ਪੈਰ ਗੱਡ ਲਏ, ਰੱਸਾ ਤਣ ਗਿਆ । ਵਿਰੋਧੀ ਟੋਲੀ ਵਲ ਤਕੜੇ ਮੁੜੇ ਸਨ । ਰੱਸਾ ਕੁਰਕੁਰਾ ਜਾਂਦਾ ਜਿਵੇਂ ਫੌਜੇ ਦੇ ਤਾਣ ਨਾਲ ਠੱਪਿਆ ਗਿਆ ਸੀ । ਵੇਖਣ ਵਾਲਿਆਂ ਨੇ ਰੌਲਾ ਚੁੱਕ ਲਿਆ, "ਤਕੜਾ ਹੋ ਜਾਹ ਫੌਜਿਆ । ਹੁਣ ਅੱਗੇ ਨੂੰ ਲਾ ਜ਼ੋਰ ਰਤਾ ਨੀਵਾਂ ਹੋਕੇ...ਬੱਲੇ ! ਤਕੜੇ ਹੋ ਜੋ..." ਤੇ ਫੌਜੇ ਦੇ ਹੱਥਾਂ ਵਿਚੋਂ ਅੱਗ ਨਿਕਲ ਰਹੀ ਸੀ । ਤਲੀਆਂ ਸਨ, ਜਿਵੇਂ ਬਲ ਉਠਣਗੀਆਂ । ਪਸੀਨੋ ਪਸੀਨੀ... ਅੱਖਾਂ ਵਿਚ ਰਹਿਰ ..ਵਿਸਮਾਦ ਜਿਵੇਂ ਮੁੰਨ ਹੋ ਗਿਆ ਹੋਵੇ । ਫੌਜੇ ਨੂੰ ਲੱਗਾ, 'ਇਹ ਉਹ ਕੀ ਪੰਗਾ ਲੈ ਬੈਠਾ ਸੀ !'...ਪਰ ਉਹਨੇ ਸੁਣਿਆ, ਉਹਦੇ 'ਸਾਂ ਸਾਂ' ਕਰਦੇ ਕੰਨਾਂ ਵਿਚ ਚੁਫੇਰੇ ਖੜੋਤੀ ਭੀੜ ਦੇ ਬੋਲ ਗੂੰਜ ਰਹੇ ਸਨ, "ਵੇਖੀਂ ਫੌਜਿਆ ! ਮਰ ਨਾ ਜਾਵੀਂ...ਲਾ ਦੇਹ ਜ਼ੋਰ .." ਉਸ ਹੁਜਕਾ ਮਾਰਿਆ । ਰੱਸਾ ਉਹਨਾਂ ਵੱਲ ਉਲਰ ਆਇਆ ਸੀ । ਉਸ ਛੇਤੀ ਨਾਲ ਪੈਰ ਪੁੱਟ ਕੇ ਅੱਗੇ ਟਿਕਾ ਲਏ ਤੇ ਪਹਾੜ ਵਾਂਗ ਖੜੋ ਗਿਆ । 'ਸ਼ਾਵਾਸ਼ੇ ! ਜਿਉਂਦਾ ਰਹੁ !!" ਉਸਨੂੰ ਮਹਿਸੂਸ ਹੋਇਆ, ਉਸਨੇ ਪੁੱਟਕੇ ਜੋ ਪੈਰ ਧਰਤੀ ਵਿਚ ਗੱਡੇ ਸਨ ਉਸ ਅੰਦਰ ਚਾਅ ਤੇ ਜ਼ਿੰਦਗੀ ਦਾ ਸੁਨੇਹਾ ਲੈ ਆਏ ਸਨ । ਉਸ ਮੁੜਕ ਹੋਏ ਸੈਨੇ ਨਾਲ ਆਪਣੇ ਸਾਥੀਆਂ ਨੂੰ ਲਲਕਾਰਿਆ । ਇਕ...ਦੋ ..ਤਿੰਨ...ਉਹ ਹਜੋਕੇ ਮਾਰਦੇ ਜਾਂਦੇ ਸਨ ਤੇ ਰੱਸਾ ਉਹਨਾਂ ਵਲ ਖਿਸਕਦਾ ਆਉਂਦਾ ਸੀ । ਫੌਜਾ ਪੈਰ ਚੁੱਕਦਾ ਤੇ ਧਰਤੀ ਵਿਚ ਫਸਾ ਲੈਂਦਾ ਸੀ । ਹਰ ਕਦਮ ਮਰ ਜਾਣ ਵਰਗੀ ਫਿਟਕਾਰ ਤੋਂ ਉਸਨੂੰ ਬਚਾ ਰਿਹਾ ਸੀ । ਜ਼ਿੰਦਗੀ ਬਖ਼ਸ਼ ਰਿਹਾ ਸੀ । ਤਿੰਨ ..ਚਾਰ ..ਪੰਜ...ਤੇ ਫੌਜੇ ਦੀ ਸਰਦਾਰੀ ਵਿਚ ਉਹਦੀ ਟੋਲੀ ਆਪਣਾ ਦੇ ਜ਼ੋਰ ਵਿਚ ਰੱਸਾ ਖਿੱਚਦੀ ਔਹ ਗਈ.. ਔਹ ਗਈ...ਹੋ ਗਈ ।

ਤੇ ਉਸ ਦਿਨ ਉਹ ਜਿਵੇਂ ਸਾਰੇ ਪਿੰਡ 'ਤੇ ਛਾ ਗਿਆ ਸੀ ।

"ਫੌਜਾ ਤੇ ਸਹੁਰਾ ਲੋਹੇ ਵਾਂਗੂੰ ਪੈਰ ਅੜਾ ਲੈਂਦਾ ਜ਼ਮੀਨ 'ਚ ।" ਕੋਈ ਕਹਿ ਰਿਹਾ ਸੀ ।

ਉਸ ਦਿਨ ਤੋਂ ਪਿੱਛੋਂ ਉਹ ਰੋਜ਼ ਰੱਸਾ ਖਿੱਚਦਾ । ਉਹਦੀ 'ਬੱਲੇ ! ਬੱਲੇ !' ਹੋ ਗਈ ਸੀ । ਉਹਨਾਂ ਦੀ ਟੋਲੀ ਮੇਲਿਆਂ 'ਤੇ ਰੱਸਾ ਖਿੱਚਦੀ ਤੇ ਬਹੁਤੀ ਵਾਰ ਜਿੱਤ ਕੇ ਮੁੜਦੀ । ਤੇ ਫੌਜਾ ਆਪਣੀ ਟੋਲੀ ਦਾ ਮੋਹਰੀ ਹੁੰਦਾ । ਜਦੋਂ ਉਹ ਜਿੱਤਕੇ ਮੁੜਦੇ ਤਾਂ ਪਿੰਡ ਦੀ ਪਰ੍ਹੇ ਵਿਚ ਉਹਨਾਂ ਦੀਆਂ ਗੱਲਾਂ ਹੁੰਦੀਆਂ । ਆਮ ਤੋਂ ਖਾਸ ਬਣੇ ਫੌਜੇ ਨੂੰ ਆਪਣੇ ਬਾਰੇ ਹੁੰਦੀਆਂ ਗੱਲਾਂ ਸੁਣਨੀਆਂ ਚੰਗੀਆਂ ਲੱਗਦੀਆਂ । ਖੂਹ ਤੇ ਪਾਣੀ ਭਰਨ ਆਉਂਦੀਆਂ ਕੁੜੀਆਂ ਉਹਨੂੰ ਵੇਖਕੇ, ਉਹਨੂੰ ਸੁਣਾ ਕੇ ਗੱਲਾਂ ਕਰਦੀਆਂ । ਸ਼ਰਮ ਵਿਚ ਗੁੱਥਾ ਹੋਇਆ ਉਹ ਅੱਖਾਂ ਭਾਵੇਂ ਧਰਤੀ 'ਤੇ ਗੱਡੀ ਰੱਖਦਾ ਪਰ ਨਜ਼ਰ ਉਹਦੀ ਅਸਮਾਨ ਵਿਚ ਤਰਦੀ ਹੁੰਦੀ । ਉਹਨੂੰ ਸਾਰਾ ਕੁਝ ਸੋਹਣਾ ਸੋਹਣਾ ਲੱਗਣ ਲੱਗ ਪਿਆ ਸੀ । ਚੱਲਦੀਆਂ ਹਵਾਵਾਂ ਉਹਦੇ ਪਿੰਡੇ ਨਾਲ ਕੁਤਕੁਤਾਰੀਆਂ ਕਰਦੀਆਂ । ਸਾਰਾ ਜਹਾਨ ਉਹਦੇ ਸਾਹਮਣੇ ਪਿਆ ਸੀ ਕਲਾਵੇ ਵਿਚ ਭਰ ਲੈਣ ਲਈ । ਸਾਰਾ ਪਿੰਡ ਤੇ ਉਸ ਵਿਚ ਰਹਿੰਦੇ ਲੋਕ ਉਹਨੂੰ ਚੰਗੇ ਚੰਗੇ ਲੱਗਣ ਲੱਗ ਪਏ ਸਨ । ਪਿੰਡ ਦਾ ਤਪਤੇਜ ਜਿਸ 'ਤੇ ਰਾਹ, ਬਾਗਾਂ ਟਾਹਣੇ, ਖੇਤੀ ਖੰਡਾ ਖੇਤਦੇ ਲੋਕ ਹੁੰਦੇ ਹਾਸਿਆਂ ਦੀਆਂ ਵਾਛੜਾਂ ਖਿਲੇਰਦੇ...ਅੱਧੇ ਪਿੰਡ ਦੁਆਲੇ ਫੈਲੀ ਡੂੰਘੀ ਢਾਬ...ਜਿਸ ਵਿਚ ਸਾਰੇ ਪਿੰਡ ਦੇ

## ਅਖੌਤੀ ਬੁੱਧੀਜੀਵੀ / ਸੁਰਜੀਤ ਕਲਸੀ

ਉਸ ਨੂੰ ਕੋਈ ਪੁੱਛੇ
ਛੱਪੜਾਂ ਕਿਨਾਰੇ ਬੈਠੇ ਕੀ ਕਰਦੇ ਹੋ?
ਬਗਲਾਂ 'ਚ ਰਸਾਲੇ ਤੇ ਕਿਤਾਬਾਂ:
ਤਿਰਛੇ ਤੇ ਧੜਾਧੜ ਪਾਣੀਆਂ 'ਚ
ਵੱਟੇ ਮਾਰ ਮਾਰ ਉਡਦੀਆਂ
ਮਟਮੈਲੀਆਂ ਛਿੱਟਾਂ ਦੇ ਨਜ਼ਾਰੇ ਵੇਖਦੇ ਹਾਂ ।
... ਤੇ ਜਦੋਂ ਕੋਈ ਰਾਹੀ
ਉਥੋਂ ਦੀ ਗੁਜ਼ਰਦਾ ਹੈ
ਉਸਦੇ ਕਿਨਾਰੇ, ਨਾਲੀਆਂ, ਕੱਪੜਿਆਂ
ਤੇ ਬੂਟਾਂ 'ਤੇ ਪੈਂਦੇ
ਧੜਾਧੜ ਮਟਮੈਲੇ ਛਿੱਟੇ
ਤੇ ਉਸ ਦੇ ਮੂੰਹ ਦੇ ਧੱਬੇ,
ਇੰਜ ਜਿਹੇ ਕੈਂਹਾਂ ਦੇ ਨਜ਼ਾਰੇ ਵੇਖਦੇ ਹਾਂ ।

ਇਸ ਤੋਂ ਪਹਿਲਾਂ ਕਿ
ਉਹ ਕੋਈ ਕਰਾਰਾ ਜਿਹਾ ਬੋਲ ਬੋਲੇ
ਡੰਡਾ ਜਿਹਾ ਹੋਰ ਇਕ ਪੱਥਰ
ਛੱਪੜ ਵਿਚ ਵਗਾਹ ਮਾਰਦੇ ਹਾਂ
ਤੇ ਕਿਨਾਰੇ ਚਾਰ ਮਟਮੈਲੀਆਂ ਛਿੱਟਾਂ
ਦੇ ਉਡਦੇ ਨਜ਼ਾਰੇ ਵੇਖਦੇ ਹਾਂ ।

—...—...—

## ਗ਼ਜ਼ਲ

ਕਿਸ਼ਨ ਸਿੰਘ ਔਸ਼. ਏ.

ਜ਼ਿੰਦਗੀ ਬੱਸ ਜੀਉਣ ਦਾ ਹੀ ਨਾਮ ਹੈ।
ਮੌਤ ਪਿੱਛੋਂ ਜ਼ਿੰਦਗੀ ਬੇ-ਨਾਮ ਹੈ।

ਕੱਲ ਕਿਸੇ ਮਨਸੂਰ ਨੂੰ ਸੂਲੀ ਤੇ ਟੰਗੇ ਵੇਖਿਆ,
ਅੱਜ ਦੇ ਮਨਸੂਰ ਲਈ ਇਹ ਸੂਲ ਵੀ ਨਾਕਾਮ ਹੈ।

"ਰੂਪ ਦੀ ਇਸ ਧਾਰ ਨੂੰ" ਵੇਖੋ ਕਿਵੇਂ ਉਤਰੀਆਂ?
ਤੋਰਿਆਂ ਦੇ ਪਰੀਂ, ਚਰਚਾ ਆਮ ਹੈ।

ਜ਼ਿੰਦਗੀ ਦੇ ਵਾਰਿਸਾਂ ਹੀ ਖੂਨ ਕੀਤਾ ਦੇਸ਼ ਦਾ
ਮੰਗੇ ਜੋ ਪਾਣੀ ਦੇਸ਼ ਦਾ, ਉਸ ਤੇ ਇਲਜ਼ਾਮ ਹੈ।

ਮੈਕਦੇ ਦੇ ਬੂਹੇ ਏਨੀ ਭੀੜ ਕਿਉਂ,
ਜਾਮ ਪੀਣਾ ਜਦ ਕਿ ਸ਼ਰੇਆਮ ਹੈ।

ਸੂਰਜਾਂ ਦੇ ਦੇਸ਼ ਦੀਵੇ ਬੁਝ ਗਏ,
ਵਾ-ਪੁਰੇ ਦੀ ਉਂਝ ਹੀ ਬਦਨਾਮ ਹੈ।

ਨਫ਼ਰਤਾਂ ਦੇ ਨਾਲ ਕਰਨਾ ਇਸ਼ਕ ਨੂੰ ਨਾਸੂਰ,
ਪਿਆਰ ਦੀਆਂ ਮੰਜ਼ਲਾਂ ਦਾ ਆਖ਼ਰੀ ਅੰਜਾਮ ਹੈ।

ਡੰਗਰਾਂ ਵਾਂਗ ਰੱਜਕੇ ਵੜੀਆਂ ਉਹਦੀਆਂ ਮੱਝਾਂ ਸਿਰ ਤੱਕ ਪਿੰਡਾ ਡੁਬਾਈ ਸੂਕਦੀਆਂ ਰਹਿੰਦੀਆਂ । ਉਹ ਉਹਨਾਂ ਨੂੰ ਮਲ ਮਲ ਨਹਾਉਂਦਾ ਰਹਿੰਦਾ ।...ਛਾਪ ਨੇੜੇ ਉੱਚੀ 'ਟਿੱਬੀ' 'ਤੇ ਲੱਗਦਾ ਫਿਰਨੀ ਦਾ ਮੇਲਾ ।...ਜਿੱਥੇ ਰਾਗੀ ਢਾਡੀ ਤੇ ਕਵੀਸ਼ਰ ਦੀਵਾਨ ਲਾਉਂਦੇ... ਆਲੇ ਦੁਆਲੇ ਦੇ ਪਿੰਡਾਂ 'ਚੋਂ ਉਗਰਾਹੀ ਕਰਕੇ ਜਿੱਥੇ ਲੰਗਰ ਵਿਚ ਸਿਰਫ ਦੁੱਧ ਦੀ ਖੀਰ ਰਿੱਝਦੀ ਤੇ ਆਏ ਲੋਕਾਂ ਵਿਚ ਰੱਜਵੀਂ ਵਰਤਾਈ ਜਾਂਦੀ...ਜਿੱਥੇ ਉਹ ਯਾਰਾਂ ਦੀ ਟੋਲੀ ਨਾਲ ਰਲਕੇ ਪਕੌੜੇ ਤੇ ਜਲੇਬੀਆਂ ਖਾਂਦਾ...ਉਹਦੇ ਸਾਹਮਣੇ ਜ਼ਿੰਦਗੀ ਸੁਨਹਿਰੀ ਕਿਣਕਿਆਂ ਵਾਂਗ ਖਿਲਰੀ ਪਈ ਸੀ ਤੇ ਉਹ ਜਿਵੇਂ ਪੋਟਿਆਂ ਨਾਲ ਇਕ ਇਕ ਕਰਕੇ ਇਹ ਕਿਣਕੇ ਚੁਗ ਰਿਹਾ ਸੀ। ਝੋਲੀ ਭਰੀ ਜਾ ਰਿਹਾ ਸੀ। ਆਪੇ ਤੋਂ ਬਾਹਰ ਹੋ ਰਿਹਾ ਸੀ। ਉਹਦੀ ਰੂਹ ਸਰਸ਼ਾਰ ਹੋਈ ਪਈ ਸੀ। ਇਹ ਜਨਮ ਉਹਦੇ ਲਈ ਅਮੋਲਕ ਹੀਰੇ ਵਾਂਗ ਸੀ। ਹੀਰਾ ਜੋ ਹਰ ਚੜ੍ਹਦੇ ਦਿਨ ਨਾਲ ਚਮਕ ਰਿਹਾ ਸੀ। ਵੱਧ .. ਹੋਰ ਵੱਧ...

ਇਹ ਦਿਨ ਸਨ ਜਿਨ ਪੰਖਾਂ ਤੋਂ ਉੱਡਦਾ ਫੋਜੂ ਜਿਵੇਂ ਸਾਰੇ ਆਕਾਸ਼ ਵਿਚ ਪਸਰਦਾ ਜਾ ਰਿਹਾ ਸੀ।...ਤੇ ਕਹੀ ਹੈਰਾਨੀ ਦੀ ਗੱਲ ਨਹੀਂ...ਇਹੋ ਹੀ ਦਿਨ ਸਨ ਜਦੋਂ ਉਹਦਾ ਬੁੱਢਾ ਪਿਉ ਨਿਸਬਤਨ ਸੁੰਗੜਦਾ ਜਾ ਰਿਹਾ ਸੀ। ਚਿਹਰੇ 'ਤੇ ਝੁਰੜੀਆਂ ਵਧਦੀਆਂ ਤੇ ਲੱਕ ਕੁੱਬਾ ਹੁੰਦਾ ਜਾ ਰਿਹਾ ਸੀ। ਫੋਜੂ ਤੋਂ ਵੱਡਾ ਭਰਾ ਪ੍ਰੀਤੂ ਵਾਹੀ ਵਿਚ ਭਾਵੇਂ ਪਿਉ ਦੀ ਭਰਵੀਂ ਮਦਦ ਕਰ ਰਿਹਾ ਸੀ ਪਰ ਸਾਰੇ ਫਿਕਰਾਂ ਤੇ ਜ਼ਿੰਮੇਵਾਰੀਆਂ ਦਾ ਭਾਰ ਤਾਂ ਉਹਦੀ ਪਿੱਠ 'ਤੇ ਸੀ। ਲੈਣ ਦੇਣ ਦੇ ਸਾਰੇ ਫਿਕਰ ਤਾਂ ਉਸੇ ਨੂੰ ਹੀ ਸਨ। ਜਿਸਦੇ ਸਿਰ 'ਤੇ ਕਰਜ਼ੇ ਦਾ ਭਾਰ ਸੀ। ਜਿਹਦੀ ਬੰਜਰ ਜ਼ਮੀਨ ਪਾਣੀ ਦੀ ਬੂੰਦ ਨੂੰ ਤਰਸਦੀ ਰਹਿੰਦੀ ਸੀ। ਤੇ ਜਿਹਦੇ ਆਪਣੇ ਪਿਆਸੇ ਬੁੱਲ੍ਹਾਂ 'ਤੇ ਸਿਕਰੀ ਜੰਮੀ ਰਹਿੰਦੀ ਸੀ। ਉਹਦੇ ਹੋਠ ਵੀ ਜਿਵੇਂ ਸੁਖ ਦੇ ਪਾਣੀ ਦੀ ਇਕ ਇਕ ਬੂੰਦ ਨੂੰ ਤਰਸ ਰਹੇ ਸਨ। ਤੇ ਇਕ ਦਿਨ ਉਹਦੇ ਕਿਸੇ ਹਾਣੀ ਨੇ ਉਹਨੂੰ ਟੋਕਿਆ, "ਸੂਰਜਨ ਸਿਹਾਂ! ਤੂੰ ਇਕੱਲੇ ਸਾਰੀ ਉਮਰ ਫਾਟਾਂ ਭੰਨਾਉਣ ਦਾ ਠੇਕਾ ਲਿਆ? ਛੋਟੇ ਫੋਜੂ ਨੂੰ ਲਾ ਖਾਂ ਹਲ ਪਿੱਛੇ ਨਾਲ...ਐਵੇਂ ਵਿਹਲਾ ਟੀਟਣੇ ਮਾਰਦਾ ਫਿਰਦਾ ਐ...ਦੋਵੇਂ ਭਰਾ ਰਲਕੇ ਕੰਮ ਕਰਨ। ਜੇ ਤੈਥੋਂ ਨਹੀਂ ਹੂ ਰਿਹਾ ਜਾਂਦਾ ਤਾਂ ਤੂੰ ਮਾਲ ਡੰਗਰ ਛੱਡ ਲਿਆ ਕਰ..."

ਗੱਲ ਉਹਦੇ ਮਨ ਲੱਗੀ ਸੀ। ਉਸ ਤੋਂ ਹੋਰ ਇਸ ਦੁੱਖੀ ਵਾਹੀ ਨਾਲ ਨਿਭਿਆ ਨਹੀਂ ਸੀ ਜਾਂਦਾ। ਉਸ ਬਥੇਰਾ ਚਾਹਿਆ ਸੀ, ਔਖਾ ਸੌਖਾ ਹੋਕੇ ਚਾਰ ਮਣ ਦਾਣੇ ਵੱਧ ਕੱਢ ਕੇ ਕਿਧਰੇ ਆਪਣੇ ਖੇਤਾਂ ਵਿਚ ਆਪਣਾ ਹੀ ਖੂਹ ਲਵਾ ਲਵੇ। ਇਕ ਅੱਧਾ ਪੱਕਾ ਕੋਠਾ ਛੱਤ ਲਵੇ। ਸ਼ਰੀਕੇ ਵਿਚ ਇਹ ਅਹਿਸਾਸ ਪੈਦਾ ਕਰ ਲਵੇ ਕਿ ਉਹਨਾਂ ਦਾ ਘਰ 'ਖਾਂਦੇ ਪੀਂਦੇ ਜੱਟਾਂ ਦਾ' ਘਰ ਹੈ। ਕੋਈ ਮੁੰਡਾ ਵਿਆਹ ਲਵੇ...ਸੁਰਖ਼ਰੂ ਹੋ ਜਾਵੇ। ਪਰ ਇਹ ਸਭ ਕੁਝ ਨਹੀਂ ਸੀ ਹੋ ਸਕਿਆ। ਦੋਹਾਂ 'ਚੋਂ ਅਜੇ ਕਿਸੇ ਮੁੰਡੇ ਨੂੰ ਸਾਕ ਨਹੀਂ ਸੀ ਹੋਇਆ। ਉਹ ਆਪਣੇ ਖੇਤਾਂ ਵਿਚ ਆਪਣਾ ਖੂਹ ਨਹੀਂ ਸੀ ਲਵਾ ਸਕਿਆ। ਕੋਈ ਪੱਕਾ ਕੋਠਾ ਨਹੀਂ ਸੀ ਛੱਤ ਸਕਿਆ ਤੇ ਨਾ ਹੀ ਲੋਕਾਂ ਵਿਚ 'ਖਾਂਦੇ ਪੀਂਦੇ ਜੱਟ' ਹੋਣ ਦਾ ਅਹਿਸਾਸ ਪੈਦਾ ਕਰ ਸਕਿਆ ਸੀ ਕਿ ਉਹ ਥੱਕ ਗਿਆ ਸੀ। ਉਸ ਤੋਂ ਹੁਣ ਹੋਰ ਹਲ ਦੀ ਜੰਘੀ ਨਹੀਂ ਸੀ ਫੜੀ ਜਾਂਦੀ।...ਤੇ ਉਸ ਹਾਰ ਹੁੱਟ ਕੇ ਵਾਹੀ ਦਾ ਪਾਟਾ ਢੋਲ ਪ੍ਰੀਤੂ ਤੇ ਫੋਜੂ ਦੋਹਾਂ ਭਰਾਵਾਂ ਦੇ ਗਲ ਪਾ ਦਿੱਤਾ ਸੀ। ਪ੍ਰੀਤੂ ਤਾਂ ਪਹਿਲਾਂ ਹੀ ਇਹ ਬੇਸੁਰਾ ਪਾਟਾ ਢੋਲ ਕੁੱਟ ਰਿਹਾ ਸੀ, ਹੁਣ ਫੋਜੇ ਦੀ ਵਾਰੀ ਸੀ।

ਫੋਜੇ ਲਈ ਇਹ 'ਬੇਸੁਰੀ ਠੱਕ ਠੱਕ' ਡਾਢੀ ਤੰਗ ਕਰ ਦੇਣ ਵਾਲੀ ਸੀ। ਆਪਣੀ ਵਾਰੀ ਤੇ ਤਾਰਿਆਂ ਦੀ ਛਾਵੇਂ ਤੜਕੇ ਪਹਿਰ ਜਦੋਂ ਉਸਨੂੰ ਹਲਾਂ ਮਗਰ ਤੁਰਨਾ ਪੈਂਦਾ ਤਾਂ ਉਹਦੇ ਮਨ ਨੂੰ ਡਾਢੀ ਔਖੀ ਹੁੰਦੀ। ਜਦੋਂ ਉਹਦਾ ਪਿਉ ਉਹਦੀ ਵਾਰੀ ਤੇ ਉਹਨੂੰ ਹਲਾਂ ਵਾਸਤੇ ਉੱਠਣ ਲਈ ਆਵਾਜ਼ ਮਾਰਦਾ ਤਾਂ ਨੀਂਦਰ ਵਿਚ ਘੂਕ ਸੁੱਤੇ ਫੋਜੇ ਨੂੰ ਉਸਤੇ ਡਾਢੀ ਖਿਝ ਆਉਂਦੀ। ਉਹ ਪਾਸਾ ਮੋੜਕੇ ਫਿਰ ਲੇਟ ਜਾਂਦਾ ਤੇ ਉੱਤੇ ਲਈ ਚਾਦਰ ਘੁੱਟ ਲੈਂਦਾ। ਬੁੱਢਾ ਫਿਰ ਹਰਲ੍ਹਦਾ, "ਕੰਜਰ ਦਿਆ! ਦਿਉਂ ਭੁੱਖੇ ਮਰਨ ਦੀ ਸਲਾਹ ਜੇ...ਵਕ਼ਤ ਸਿਰ ਲਿਆ ਵਿਹਲਾ...ਹੁਣ ਆਪਣਾ ਭਾਰ ਆਪ ਚੁੱਕੋ...ਜਿਹੜਾ ਜੱਟ ਐਸ ਵੇਲੇ ਤੱਕ ਸੁੱਤਾ ਰਹੂ...ਉਹਦੇ ਘਰ ਭੰਗ ਨਾ ਭੁੱਜੂ ਤਾਂ ਹੋਰ ਕੀ ਹੋਊ...ਚੰਗਾ...ਪਿਆ ਰਹੁ...ਮੈਨੂੰ ਕੀ..."

ਫੋਜੂ ਦੀਆਂ ਅੱਖਾਂ ਵਿਚ ਭਾਵੇਂ ਨੀਂਦਰ ਰੜਕ ਰਹੀ ਹੁੰਦੀ, ਪਰ ਬੁੱਢੇ ਦੀਆਂ ਗਾਲ੍ਹਾਂ ਦੇ ਡਰੋਂ ਉਹ ਉਠ ਬੈਠਦਾ। ਅਲਸਾਏ ਅੰਗਾਂ ਨੂੰ ਆਕੜ ਲੈਕੇ ਸਿੱਧਾ ਕਰਦਾ।

## ਪਰਛਾਈਂ

**ਹਰਮਿੰਦਰ ਕੌਰ**

ਤਾਰਿਆਂ ਭਰੀ ਹੈ ਰਾਤ,
ਚੰਦ ਵੀ ਹੈ ਸ਼ਾਂਤ ।
ਕਿਧਰੇ ਕਿਧਰੇ ਕੋਈ ਬੱਦਲੀ,
ਤੈਰ ਰਹੀ ਹੈ ਵਿਚ ਹਵਾ ।

ਕੋਹਾਂ ਮੀਲਾਂ ਲੰਬਾ ਸਾਗਰ,
ਧੁੱਪ ਜਿਥੇ ਹੈ ਛਾਈ ।
ਕੋਈ ਨਹੀਂ ਹੈ ਸਾਂਝੀ ਇੱਥੇ,
ਨਾ ਲਹਿਰਾਂ ਦੇਣ ਦੁਹਾਈ ।

ਚੁਪ ਚਾਪ ਕੋਈ ਪਰਛ ਈਂ,
ਸਾਗਰ ਕੰਢੇ ਉਠਦੀ ।
ਹੌਲੇ ਹੌਲੇ ਕਦਮ ਪੁਟਦੀ,
ਅੰਧੇਰੇ ਵਿਚ ਸਮਾ ਜਾਂਦੀ ।

ਛੋਟੀਆਂ ਵੱਡੀਆਂ ਚਟਾਨਾਂ ਨਾਲ,
ਜਦੋਂ ਲਹਿਰਾਂ ਆ, ਆ ਵੱਜਣ ।
ਨੀਲਾ ਨੀਲਾ ਪਾਣੀ,
ਚਿੱਟਾ ਹੋ ਹੋ ਜਾਵੇ ।

ਕੰਡੇ ਤੇ ਛੋਟੇ ਛੋਟੇ ਟੋਏ,
ਕਿੱਧਰੇ ਕਿੱਧਰੇ ਬੂਝੇ ।
ਜਦੋਂ ਪਾਣੀ ਹੋ ਕੇ ਜਾਵੇ ਇਨ੍ਹਾਂ ਕੋਲੋਂ,
ਲੋਹੜੇ ਦੇ ਸੁਰ ਕੱਢੇ ।

ਪਾਣੀ ਦੀ ਖਲਬਲ, ਖਲਬਲ 'ਚ,
ਉਹ ਪਰਛਾਈਂ ਗੁਆਚ ਜਾਂਦੀ ।
ਦੂਰ ਕਿਧਰੇ ਕਿਨਾਰੇ ਉੱਤੇ,
ਉਹ ਅੱਖਾਂ ਮੀਟ ਕੇ ਤੁਰੀ ਜਾਂਦੀ ।

ਇਹ ਰਾਤ ਚਾਨਣੀ,
ਇਹ ਸਾਗਰ ਦੀ ਗਹਿਰਾਈ ।
ਸੰਨਾਟਾ ਹੈ ਚਾਰੇ ਪਾਸੇ,
ਇਕ ਪਰਛਾਈਂ ਤੇ ਉਹਦੀ ਤਨਹਾਈ । oo

[ਕਿਚਨਰ, ਔਂਟੈਰੀਓ]

10. ਬਲਦਾਂ ਨੂੰ ਪੰਜਾਲੀ ਦੇਕੇ ਉਖੜੇ ਪੈਰੀਂ ਖੇਤਾਂ ਨੂੰ ਹੋ ਤੁਰਦਾ। ਠੰਢੀ ਠੰਢੀ ਹਵਾ ਉਹਦੇ ਸਰੀਰ ਨੂੰ ਛੂਹ ਕੇ ਲੰਘਦੀ...ਪਰ ਇਹ ਹਵਾ ਉਹਦੇ ਪਿੰਡੇ ਨੂੰ ਹੁਣ ਕੁਤਕੁਤਾਰੀਆਂ ਨਹੀਂ ਸੀ ਕਰਦੀ। ਉਹਦਾ ਅੰਦਰ ਨੀਂਦ ਅਤੇ ਖਿਝ ਨਾਲ ਭਰਿਆ ਹੁੰਦਾ। ਪਿੰਡੋਂ ਬਾਹਰ ਨਿਕਲਕੇ ਪਹੁ ਪੈਂਦਿਆਂ ਕਦੀ ਕਦੀ ਕੋਈ ਹੋਰ ਹਾਲੀ ਮਿਲ ਜਾਂਦਾ...ਉਹ ਗੱਲਾਂ ਕਰਦੇ ਤੁਰੇ ਜਾਂਦੇ। ਉਹਨਾਂ ਦੇ ਬਲਦਾਂ ਦੀਆਂ ਟੱਲੀਆਂ ਟੁਣਕਦੀਆਂ। ਪਰ ਕਿਸੇ ਸ਼ਾਇਰ ਦੀ ਕਲਪਨਾ ਵਾਂਗ ਇਹ ਟੱਲੀਆਂ ਉਹਦੇ ਕੰਨਾਂ ਵਿਚ ਸ਼ਹਿਦ ਨਹੀਂ ਸਨ ਘੋਲਦੀਆਂ। ਹਲ ਜੁੱਪਦਾ...ਸਿਆੜ ਨਿਕਲਦੇ ਆਉਂਦੇ...ਤੇ ਫੇਰ ਜਾ ਪਾਟਦੀ ਲਾਲੀ ਵਿਚ ਜਦੋਂ ਆਪਣੇ ਕੱਢੇ ਸਿੱਧੇ ਸਿਆੜਾਂ ਨੂੰ ਵੇਖਦਾ ਤਾਂ ਉਹਦੀਆਂ ਅੱਖਾਂ ਵਿਚ ਵੀ ਲਾਲੀ ਭਰ ਜਾਂਦੀ। ਉਹਨੂੰ ਇਕ ਨਸ਼ਾ ਜਿਹਾ ਆ ਜਾਂਦਾ। ਤੜਕੇ ਦਾ ਖਿਝ ਤੇ ਗੁੱਸਾ ਜਿਵੇਂ ਕਿਧਰੇ ਕਾਫ਼ੂਰ ਹੋ ਗਿਆ ਹੁੰਦਾ। ਉਹਦਾ ਦਿਲ ਹੁੰਦਾ, ਵੱਡੇ ਭਰਾ ਜਾਂ ਪਿਉ ਦੇ ਖੇਤਾਂ ਵਿਚ ਰੋਟੀ ਲੈਕੇ ਆਉਂਦਿਆਂ ਤੱਕ ਉਹ ਜਿੰਨੀ ਜ਼ਿਆਦਾ ਤੇ ਜਿੰਨੀ ਸੋਹਣੀ ਜ਼ਮੀਨ ਵਾਹ ਲਵੇਗਾ, ਉਨੀ ਹੀ ਉਸ ਲਈ ਮਾਣ ਅਤੇ ਤਸੱਲੀ ਦੀ ਗੱਲ ਹੋਵੇਗੀ। ਉਂਜ ਵੀ ਤਾਂ ਇਸ ਧਰਤੀ ਨਾਲ ਜੁੜਿਆਂ, ਮੋਹ ਪਾਇਆਂ ਹੀ ਉਸਦਾ ਕਲਿਆਣ ਹੋਣਾ ਸੀ। ਇਸ ਧਰਤੀ ਨਾਲ ਹੀ ਉਸਦੀ ਤੇ ਉਸਦੇ ਪਰਿਵਾਰ ਦੀ ਕਿਸਮਤ ਜੁੜੀ ਹੋਈ ਸੀ। ਉਸਦੇ ਚਾਨਾਂ ਨਾਲ ਹਲਕੇ ਹੱਸਣ ਖੇਡਣ ਦੇ ਦਿਨ ਹੌਲੀ ਹੌਲੀ ਲੰਘਦੇ ਜਾਂਦੇ ਸਨ। ਦਿਨੋ ਦਿਨ ਕੰਮ ਉਹਦੇ ਸਿਰ 'ਤੇ ਸਵਾਰ ਹੋ ਰਿਹਾ ਸੀ! ਹਲ ਵਾਹੁੰਦਿਆਂ ਖੁੱਚਾਂ ਟੁੱਟ ਜਾਂਦੀਆਂ। ਜਿਸ ਦਿਨ ਹਲ ਨਾ ਵਾਹੁਣਾ ਹੁੰਦਾ ਉਸ ਦਿਨ ਅੰਨ ਦਾਸ ਘਾਂ ਡੰਗਰਾਂ ਨੂੰ ਹੌਲੀ ਹੌਲੀ ਹੱਥ ਦੇ ਟੋਕੇ ਨਾਲ ਪੱਠੇ ਕੁਤਰ ਕੇ ਪਾਉਣੇ। ਇਸ ਉਹਨੂੰ ਕਦੀ ਕਦੀ ਹੀ ਰੌੜ ਵਿਚ ਰੱਸਾ ਖਿੱਚਣ ਜਾਣ ਦਾ ਮੌਕਾ ਮਿਲਦਾ। ਹੁਣ ਉਸਦੀਆਂ ਨਾੜਾਂ ਵਿਚ ਪਹਿਲਾਂ ਵਾਂਗ ਖੂਨ ਬੁੜ੍ਹਕ ਬੁੜ੍ਹਕ ਨਹੀਂ ਸੀ ਪੈਂਦਾ। ਹੁਣ ਉਹ ਬਿਨਾਂ ਖੰਭਾਂ ਤੋਂ ਆਕਾਸ਼ ਵਿਚ ਉੱਡਿਆ ਨਹੀਂ ਸੀ ਫਿਰਦਾ।...ਹਾਂ...ਜਦੋਂ ਉਹ ਆਪਣੀ ਹੱਥੀਂ ਬੀਜੀ ਫਸਲ ਨੂੰ ਤੱਕਦਾ ਤਾਂ ਉਹਨੂੰ ਇਕ ਹੁਲਾਰਾ ਮਿਲਦਾ। ਏਨੀ ਔਖਿਆਈ ਨਾਲ ਬੀਜੀ ਫਸਲ ਜਦੋਂ ਉਹਦੇ ਘਰ ਆਉਂਦੀ ਤਾਂ ਉਹਨੂੰ ਲੱਗਦਾ, ਜਿਵੇਂ ਰੱਸਾ ਖਿੱਚਣ ਵਾਂਗ ਤਣੀ ਜ਼ਿੰਦਗੀ ਨੂੰ ਉਸਨੇ ਖਿੱਚ ਕੇ ਇਕ ਹੱਥ ਹੋਰ ਆਪਣੇ ਵਲ ਕਰ ਲਿਆ ਹੋਵੇ ਤੇ ਧਰਤੀ ਵਿਚ ਪੈਰ ਗੱਡ ਲਏ ਹੋਣ।...ਪਰ ਕਰਜ਼ੇ ਦੀ, ਘਰ ਦੀ ਕਮਜ਼ੋਰੀ ਦੀ, ਮਾੜੀ ਜ਼ਮੀਨ ਦੀ ਸੱਟ ਫਿਰ ਜਿਵੇਂ ਉਹਦੇ ਹੱਥਾਂ ਵਿਚੋਂ ਰੱਸਾ ਖੋਹੀ ਲਿਜਾਂਦੀ...ਜ਼ਿੰਦਗੀ ਖੋਹੀ ਲਿਜਾਂਦੀ।...ਤੇ ਉਹ ਹੋਰ ਮਿਹਨਤ ਨਾਲ ਡਟ ਜਾਂਦਾ। ਧਰਤੀ ਵਿਚ ਹੋਰ ਡੂੰਘੇ ਪੈਰ ਧਸਾ ਲੈਂਦਾ। ਤੇ ਹਲਾਂ ਮਗਰ ਫਿਰ ਉਹਦੀ ਆਵਾਜ਼ ਗੂੰਜ ਉਠਦੀ,

"...ਜਿਥੇ ਮਿਰਜ਼ਾ ਵੱਢਿਆ,
ਉਥੇ ਰੋਂਦੇ ਤਿੱਤਰ ਮੋਰ..."

ਅਜੇ ਵੀ ਦੋਹਾਂ ਭਰਾਵਾਂ ਨੂੰ ਸਾਕ ਨਹੀਂ ਸੀ ਹੋਇਆ। ਅਜੇ ਵੀ ਉਹਨਾਂ ਦੀ ਜ਼ਮੀਨ ਵਿਚ ਖੂਹ ਨਹੀਂ ਸੀ ਲੱਗ ਸਕਿਆ...ਅਜੇ ਵੀ ਉਹ ਪੱਕਾ ਕੋਠਾ ਨਹੀਂ ਸਨ ਪਾ ਸਕੇ ਕਿ ਫੇਜੂ ਹੁਰਾਂ ਦਾ ਪਿਉ ਇਸ ਸੰਸਾਰ ਤੋਂ ਤੁਰ ਗਿਆ। ਇਕ ਵੱਡਾ ਆਸਰਾ ਉਹਨਾਂ ਤੋਂ ਖੁੱਸ ਗਿਆ। ਅਜੇ ਪਿਉ ਮਰੇ ਨੂੰ ਛੇ ਮਹੀਨੇ ਵੀ ਨਹੀਂ ਸਨ ਹੋਏ ਕਿ ਵੱਡਾ ਪ੍ਰੀਤੂ ਚੋਰੀ ਮਾਂ ਦੇ ਗਹਿਣੇ ਵੇਚ ਕੇ ਇਕ ਰਾਤ ਅਜਿਹਾ ਨਿਕਲਿਆ ਕਿ ਦੋ ਤਿੰਨ ਸਾਲ ਉਹਦੀ ਕੋਈ ਦੱਸ ਧੁੱਖ ਹੀ ਨਾ ਪਈ। ਭਰੇ ਮੇਲੇ ਵਿਚ ਇਕੱਲੇ ਬਾਲ ਵਾਂਗ ਗੁਆਚਾ ਰਹਿ ਗਿਆ ਸੀ ਫੇਜੂ। ਸੰਘਣੀ ਉਦਾਸੀ ਉਸਦੇ ਦੁਆਲੇ ਪਸਰ ਗਈ ਸੀ। ਭੈਣਾਂ ਆਪੋ ਆਪਣੇ ਘਰੀਂ ਸਨ। ਬੁੱਢੜੀ ਮਾਂ ਤੋਂ ਤਾਂ ਕਈ ਵਾਰ ਰੋਟੀ ਨਹੀਂ ਸੀ ਪੱਕਦੀ। ਕਈ ਵਾਰ ਫੇਜੂ ਨੂੰ ਆਪ ਹੀ ਹੱਥ ਲੂਹਣੇ ਪੈਂਦੇ। ਜੀਵਨ ਰਾਹ ਹਰ ਰੋਜ਼ ਕਰੜਾ ਵਾਪਸ ਮੋੜਨ ਦਾ ਜ਼ੋਰ ਦਿੰਦਾ ਸੀ। ਫੇਜੂ ਸੋਚਦਾ...ਇਹ ਵੀ ਕੋਈ ਜ਼ਿੰਦਗੀ ਸੀ? ਇਸ ਨਾਲੋਂ ਤਾਂ ਮੌਤ ਹੀ ਚੰਗੀ। ਧੂੰਏ ਨਾਲ ਭਰੀਆਂ ਅੱਖਾਂ ਦੇ ਪਾਣੀ ਵਿਚ ਕਈ ਵਾਰ ਉਹਦੇ ਅੰਦਰਲਾ ਦਰਦ ਵੀ ਘੁਲਿਆ ਹੁੰਦਾ। ਹਲ ਵਾਹੁੰਦਿਆਂ ਜਦੋਂ ਹੋਰਨਾਂ ਦੀਆਂ ਪਤਨੀਆਂ ਰੋਟੀ ਲੈ ਕੇ ਆਉਂਦੀਆਂ ਤਾਂ ਉਹ ਜੋੜਿਆਂ ਨੂੰ ਕਲੋਲ ਕਰਦੇ ਵੇਖਦਾ। ਪੰਜਾਲੀ ਨਾਲ ਬੱਝੀ ਰੋਟੀ ਖੋਹਲਕੇ ਉਹ ਬੁਰਕੀ ਤੋੜਕੇ ਮੂੰਹ ਵਿਚ ਪਾਉਂਦਾ ਤਾਂ ਬੁਰਕੀ ਉਹਦੇ ਸੰਘ ਵਿਚ ਫੁੱਲਦੀ ਜਾਂਦੀ। ਕਦੀ ਉਸਦੀ ਵੀ ਕੋਈ ਰੋਟੀ ਲੈਕੇ ਆਵੇਗੀ! ਉਹ ਸੋਚਦਾ ਤੇ ਹਉਕਾ ਭਰਕੇ ਚੁੱਪ ਹੋ ਜਾਂਦਾ,
"ਹੇ ਰੱਬਾ! ਤੂੰ ਬੜਾ ਲਾਪਰਵਾਹ ਹੈਂ!"

ਉਹਦੀ ਉਮਰ ਤਾਂ ਭਾਵੇਂ ਪੰਝੀਆਂ ਤੀਹਾਂ ਦੇ ਦਰਮਿਆਨ ਸੀ ਪਰ ਉਹ ਕਦੀ ਕਦੀ

## ਦੋਸ਼ ?
– ਸੁਖਵੰਤ ਹੁੰਦਲ

ਤੁਸੀਂ ਮੇਰੇ ਬਦਲ ਜਾਣ ਦਾ ਇਲਜ਼ਾਮ
ਲਾਉਣ ਤੋਂ ਪਹਿਲਾਂ ਕਦੀ ਸੋਚਿਆ ਹੈ
ਕੀ ਮੈਂ ਮੁੱਢ ਤੋਂ ਹੀ ਇੰਝ ਸਾਂ।
ਇਹ ਠੀਕ ਹੈ, ਹੁਣ ਮੈਂ ਤੁਹਾਥੋਂ
ਮੂੰਹ ਮੋੜ ਲੰਘ ਜਾਂਦਾ ਹਾਂ।
ਤੇ ਤੁਹਾਡਾ ਜਾਂ ਤੁਹਾਡੀ ਬੀਵੀ ਦੇ ਮਿਜ਼ਾਜ
ਦਾ ਹਾਲ ਨਹੀਂ ਪੁੱਛਦਾ।
ਪਰ ਇਹ ਵੀ ਤਾਂ ਸੱਚ ਹੈ, ਕਿ ਤੁਸੀਂ
ਆਪਣੇ ਬੂਹੇ ਤੇ ਮੇਰਾ ਵਧਿਆ ਹੱਥ ਮੋੜ
ਕਿਸੇ ਹੋਰ ਅੱਗੇ ਸਿਰ ਝੁਕਾਇਆ ਸੀ।
ਤੁਸੀਂ ਮੈਨੂੰ ਪੱਥਰ ਵੀ ਕਹਿੰਦੇ ਹੋ
ਪਰ ਜਨਾਬ ਤੁਹਾਡੇ ਇਸ ਸ਼ਹਿਰ
ਦਰ ਦਰ ਤੇ ਭਟਕਿਆ ਹਾਂ ਮੈਂ, ਅਤੇ
ਸੜਕਾਂ ਤੇ ਠੋਕਰਾਂ ਖਾਂਦਾ ਫਿਰਿਆ ਹਾਂ
ਉਸ ਸਮੇਂ ਤੁਸੀਂ ਅਜਨਬੀ ਬਣ,
ਗੁਜ਼ਰ ਜਾਂਦੇ ਸੀ।
ਤੇ ਹੁਣ ਮੇਰਾ ਕੀ ਦੋਸ਼ ਹੈ,
ਜੇ ਤੁਹਾਡੀ ਉਂਗਲ ਦੇ ਟੁੱਟੇ ਨਹੁੰ ਬਾਰੇ ਸੁਣ
ਮੇਰਾ ਮਨ ਨਹੀਂ ਪਸੀਜਿਆ।

ਹੁਣ ਤਾਂ ਤੁਹਾਨੂੰ ਮੈਂ ਸ਼ੈਤਾਨ ਹੀ ਲਗਾਂਗਾ
ਕਿਉਂਕਿ ਡੰਗਣੇ ਤੋਂ ਪਹਿਲਾਂ ਹੀ ਪਰਖ ਲੈਂਦਾ
ਹਾਂ, ਦੋਸਤੀ ਦੇ ਉਹਲੇ ਛੁਪੀ ਚਾਲ
ਤੇ ਆਪੀ ਚੱਲਾ ਜਾਂਦਾ ਹਾਂ ਤੁਹਾਡੇ ਵਾਂਗੇ
ਇਸ ਲਈ ਇਲਜ਼ਾਮ ਲਾਉਣ ਤੋਂ ਪਹਿਲਾਂ
ਇਹ ਤਾਂ ਦੱਸੋ
ਕੀ ਮੈਂ ਮੁੱਢ ਤੋਂ ਹੀ ਇੰਝ ਸਾਂ।

## ਗ਼ਜ਼ਲ
(ਕਮਲਜੀਤ ਘੁਮਾਣ)

ਕੋਈ ਦਿਹਾੜੇ ਰੰਗਲੇ ਖੁਸ਼ੀਆਂ 'ਚ ਮਾਣਦਾ।
ਜੋਬਨ-ਰੁੱਤੇ ਫਿਰਾਂ ਮੈਂ ਰੋਗੀਆਂ ਨੂੰ ਛਾਣਦਾ।
ਖੁਰੇ ਨੇ ਮੇਰੇ ਤੜਕਦੇ ਮੰਜ਼ਿਲ ਦੇ ਪਾਣ ਨੂੰ,
ਜੋਗਾ ਕੋਈ ਨਾ ਰਹੇ ਰਸਤਾ ਦਿਖਾਣ ਦਾ।
ਮੈਂ ਉਹਨਾਂ ਸਾਹਾਂ ਤੇ ਹੁਣ ਤੱਕ ਹਾਂ ਸਹਿਕਦਾ,
ਵਾਅਦਾ ਕੀਤਾ ਸੀ ਜਿੰਨਾਂ ਉਮਰਾਂ ਨਿਭਾਣਦਾ।
ਲੋਚਦਾ ਸਾਂ ਜਾਮ ਨੈਣਾਂ 'ਚੋਂ ਮੈਂ ਪੀਣ ਲਈ,
ਨਹੀਂ ਭਰੋਸਾ ਮਰਦੇ ਨੂੰ ਪਾਣੀ ਪਿਲਾਣਦਾ।
ਅੰਗਾਰ ਬਣਕੇ ਨਿਕਲਦੇ ਅਰਮਾਨ ਹਿਰਦਿਓਂ,
ਪੱਥਰ ਬਣ ਕੇ ਰਹਿ ਗਿਆ ਦਿਲ ਮੇਰੇ ਹਾਣਦਾ।
ਜੋ ਦੂਰੋਂ ਮੈਨੂੰ ਦੇਖ ਇਹ ਪਲਕਾਂ 'ਚੋਂ ਹੱਸਦਾ,
ਹਾਏ ਨਾ ਅੱਜ ਓਹੋ ਹੀ ਮੈਨੂੰ ਸਿਆਣਦਾ।
ਘੁਣ ਗਮ ਦਾ ਖਾ ਗਿਆ ਹੱਡਾਂ ਨੂੰ ਹਾਣੀਓ!
ਤੜਫ਼ਕੇ ਡੋਲੀ ਟੁਰ ਗਿਆ ਸੱਜਣ ਜਦ ਹਾਣ ਦਾ।
'ਘੁਮਾਣ' ਦੇ ਗਿਆ ਛਰਾਟੇ ਮੈਨੂੰ ਮੋੜ 'ਚੋਂ
ਮੰਨਕੇ ਤਰ ਇਸ ਪਾਣੀ-ਪਤਲੇ ਜਹਾਨ ਦਾ।

ਸਮਾਂ ਕੱਢ ਕੇ ਘੁੱਟੇ ਬੰਦਿਆਂ ਵਾਂਗ ਗੁਰਦਵਾਰੇ ਵੀ ਜਾਣ ਲੱਗ ਪਿਆ ਸੀ। ਭਾਈ ਜੀ ਜਦੋਂ ਇਹ ਕਹਿੰਦੇ ਕਿ ਬੰਦੇ ਨੂੰ ਇਹ ਜਨਮ ਚੌਰਾਸੀ ਲੱਖ ਜੂਨ ਭੋਗਣ ਤੋਂ ਪਿਛੋਂ ਮਿਲਿਆ ਹੈ, ਇਹ ਅਮੋਲਕ ਜਨਮ ਹੀਰੇ ਦੀ ਨਿਆਈਂ ਹੈ, ਜੋ ਬਾਰ ਬਾਰ ਨਹੀਂ ਆਉਣਾ। ਇਨਸਾਨ ਨੂੰ ਚਾਹੀਦਾ ਹੈ, ਉਹ ਕੁਝ ਨੇਕੀ ਦੇ ਕੰਮ ਕਰ ਜਾਵੇ। ਪਰਮਾਤਮਾ ਦਾ ਨਾਮ ਲਵੇ। ਉਹਦੇ ਨਾਲ ਲਿਵ ਜੋੜਕੇ ਆਪਣੇ ਆਪ ਨੂੰ ਉਹਦੇ ਨਾਲ ਸਮੋ ਲਵੇ...ਜਿਸ ਪਰਮਾਤਮਾ ਨੇ ਉਸਨੂੰ ਇਹ ਕੀਮਤੀ ਜੀਵਨ ਬਖ਼ਸ਼ਿਆ ਹੈ।

ਫੌਜੂ ਭਾਈ ਦੀਆਂ ਗੱਲਾਂ ਬਾਰੇ ਸੋਚਦਾ ਰਹਿੰਦਾ। ਉਹ ਸੋਚਦਾ; ਮਿੱਟੀ ਨਾਲ ਮਿੱਟੀ ਹੋ ਕੇ ਰਹਿਣ ਵਾਲੇ ਉਸ ਵਰਗੇ ਅਦਨੇ ਆਦਮੀ ਲਈ ਵੱਡੇ ਆਦਮੀਆਂ ਵਰਗੀਆਂ ਨੇਕੀਆਂ ਕਰਨ ਦੀ ਗੁੰਜਾਇਸ਼ ਹੀ ਕਿੱਥੇ ਸੀ! ਤੇ ਪਰਮਾਤਮਾ ਨਾਲ ਲਿਵ ਜੋੜਨ ਤੇ ਉਹਦਾ ਨਾਮ ਜਪਦੇ ਰਹਿਣ ਵਾਲੀ ਗੱਲ ਉਹਦੀ ਅੰਤਰ ਆਤਮਾ ਨੂੰ ਟੁੰਬਦੀ ਨਹੀਂ ਸੀ। ਜਿਹੜੇ ਪਰਮਾਤਮਾ ਨੇ ਚੌਰਾਸੀ ਲੱਖ ਜੂਨ ਭੋਗਣ ਤੋਂ ਪਿਛੋਂ ਵੀ ਇਹੋ ਜਿਹਾ ਨਖਿੱਧ ਜੀਵਨ ਉਸਨੂੰ ਬਖ਼ਸ਼ਿਆ ਸੀ, ਉਹਦਾ ਨਾਂ ਲੈਣ ਦਾ ਕੀ ਫਾਇਦਾ? ਜਦੋਂ ਕਿ ਉਸਨੂੰ ਉਹੋ ਪਰਮਾਤਮਾ ਕਿਸੇ ਸ਼ਹਿਰੀ ਲਾਲੇ ਦੇ ਘਰ ਪੈਦਾ ਕਰ ਸਕਦਾ ਸੀ; ਕਿਸੇ ਨੰਬਰਦਾਰ ਜ਼ੈਲਦਾਰ ਦੇ ਘਰ ਪੈਦਾ ਕਰ ਸਕਦਾ ਸੀ...ਜਿਨ੍ਹਾਂ ਦੀਆਂ ਪੱਕੀਆਂ ਅਟਾਰੀਆਂ ਸਨ; ਜਿਨ੍ਹਾਂ ਦੇ ਦੋ ਹਰਟ ਚਲਦੇ ਸਨ। ਤੇ ਉਹਨੂੰ ਲੱਗਦਾ ਪਰਮਾਤਮਾ ਨੇ ਉਹਨੂੰ ਆਦਮੀ ਦੀ ਜੂਨੇ ਪਾਉਣ ਲੱਗਿਆਂ ਕੋਈ ਬਹੁਤੀ-ਸੋਚ ਵਿਚਾਰ ਤੋਂ ਕੰਮ ਨਹੀਂ ਸੀ ਲਿਆ ਜਾਪਦਾ। ਉਹਦੇ ਅੰਦਰੋਂ ਸਹਿਜੇ ਹੀ ਹਉਕਾ ਨਿਕਲ ਜਾਂਦਾ, "ਹੇ ਪਰਮਾਤਮਾ! ਤੂੰ ਬੜਾ ਲਾਪਰਵਾਹ ਐਂ!"

ਹਾਣ ਦੀ ਔਰਤ ਬਿਨਾਂ ਉਹਨੂੰ ਆਪਣਾ ਘਰ ਭਾਂ ਭਾਂ ਕਰਦਾ ਲੱਗਦਾ ਉਹਨੂੰ ਘਰ ਦਾ ਦਰਵਾਜ਼ਾ ਕਿਸੇ ਦਿਉ ਦਾ ਮੂੰਹ ਲਗਦਾ, ਜਿਸਨੇ ਉਸਨੂੰ ਘੜੀ ਪਲ ਵਿਚ ਨਿਗਲ ਜਾਣਾ ਹੋਵੇ। ਜਦੋਂ ਉਹ ਰੱਜਾ [illegible] ਹੁੰਦਾ ਸੀ ਤਾਂ ਦੀਵਾਨ ਸ਼ਾਹ ਦੀ ਭਰ ਜੁਆਨ ਦੂਜੇ ਵਿਆਹ ਦੀ ਔਰਤ ਅੱਜੀਂ ਪਜੀਂ ਉਹਨੂੰ ਬੁਲਾਉਂਦੀ ਰਹਿੰਦੀ ਸੀ, ਪਰ ਉਹ ਸੰਗਦਾ ਅੱਖ ਨਾ ਉੱਚੀ ਕਰਦਾ। ਹੁਣ ਮਿਲਖੇ ਹੁਰੀਂ ਆਖਦੇ, ਉਹਦੇ ਨਾਲ ਹੀ ਉਹ ਘੜੀ ਅੱਖਾਂ ਗਰਮ ਕਰ ਲਿਆ ਕਰੇ। ਪਰ ਦੀਵਾਨ ਸ਼ਾਹ ਦਾ ਪਿਤ੍ਰੋ ਤੋਂ ਵਿਰਾਸਤ ਵਿਚ ਮਿਲਿਆ ਕਰਜ਼ਾ, ਉਹਦੀਆਂ ਅੱਖਾਂ ਸਗੋਂ ਹੋਰ ਵੀ ਧਰਤੀ ਵਿਚ ਧਸਾਈ ਰੱਖਦਾ।

ਤਿੰਨਾਂ ਸਾਲਾਂ ਬਾਦ ਕਿਧਰੇ ਉਹਦੇ ਭਰਾ ਪ੍ਰੀਤੂ ਦੀ ਚਿੱਠੀ ਆਈ। ਉਹ ਸਿੰਘਾਪੁਰ ਚਲਾ ਗਿਆ ਸੀ ਤੇ ਉੱਥੇ ਹੀ ਕੋਈ ਕੰਮ ਕਰਦਾ ਸੀ। ਉਸ ਪੰਜ ਸੌ ਰੁਪਈਆ ਵੀ ਭੇਜਿਆ ਸੀ ਤੇ ਭਰਾ ਨੂੰ ਲਿਖਿਆ ਸੀ ਕਿ ਉਹ ਕੁਝ ਵਰਤ ਕੇ ਕੁਝ ਕਰਜ਼ਾ ਉਤਾਰ ਲਵੇ। ਉਹ ਛੇਤੀ ਹੀ ਦੇਸ ਵੀ ਆਵੇਗਾ। ਫੌਜੂ ਨੇ ਜਿਸਨੂੰ ਭਰਾ 'ਤੇ ਡਾਢੀ ਖਿਝ ਸੀ, ਜਿਹੜਾ ਘਰ ਦਾ ਸਾਰਾ ਗਹਿਣਾ ਚੋਰੀ ਵੇਚਕੇ ਚੋਰੀ ਹੀ ਭੱਜ ਗਿਆ ਸੀ—ਜਦੋਂ ਚਿੱਠੀ ਸੁਣੀ ਤਾਂ ਕਲਪਨਾ ਵਿਚ ਹੀ ਉਹਦੇ ਪਿੰਡ ਤੇ ਸਿੰਘਾਪੁਰ ਵਿਚ ਰਹਿੰਦੇ ਉਹਦੇ ਭਰਾ ਵਿਚਕਾਰ ਜਿਵੇਂ ਪੁਲ ਜੁੜ ਗਿਆ ਸੀ। ਉਸਨੂੰ ਤਸਕੀਨ ਸੀ; ਚਲੋ ਜਿਉਂਦਾ ਜਾਗਦਾ ਤਾਂ ਹੈ। ਉਹਦਾ ਕੋਈ ਆਪਣਾ ਤਾਂ ਹੈ।...ਪਿੰਡ ਦੇ ਲੋਕ ਉਹਦੀ ਮਾਂ ਨੂੰ ਵਧਾਈ ਦੇਣ ਆਏ ਸਨ। ਉਹਦੇ ਪੁੱਤਾਂ ਦੀ ਜੋੜੀ ਕਾਇਮ ਸੀ।

ਤੇ ਬੁੱਢੀ ਮਾਂ ਖੰਘਦੀ ਹੋਈ ਕਹਿ ਰਹੀ ਸੀ, "ਸੱਚਿਆ ਸਤਿਗੁਰੂ! ਕਿਤੇ ਸਾਡੀ ਜੜ੍ਹ ਲੱਗ ਜਾਂਦੀ।" ਉਹਨੂੰ ਪੁੱਤਾਂ ਦੇ ਅਣ-ਵਿਆਹੇ ਹੋਣ ਦਾ ਦੁੱਖ ਮਾਰੀ ਜਾ ਰਿਹਾ ਸੀ।

"ਕੋਈ ਨੀਂ ਬੁੱਢੜੀਏ! ਫਿਕਰ ਨਾ ਕਰ ਅਸੀਂ ਤੇਰੇ ਦੋਹਾਂ ਪੁੱਤਾਂ ਨੇ ਵੇਖ ਖਾਂ ਦੋਹਾਂ ਮੁਲਖਾਂ ਚ ਜੜ੍ਹਾਂ ਗੱਡੀਆਂ ਹੋਈਆਂ ਨੇ।" ਫੌਜੂ ਹੱਸਦਾ ਹੋਇਆ ਕਹਿ ਰਿਹਾ ਸੀ।

ਉਸ ਸ਼ਾਮੀਂ ਦੀਵਾਨ ਸ਼ਾਹ ਦੀ ਹੱਟੀ 'ਤੇ ਸੌਦਾ ਲੈਣ ਗਏ ਫੌਜੂ ਨੂੰ ਸ਼ਾਹ ਦੀ ਗੈਰ-ਹਾਜ਼ਰੀ ਵਿਚ ਜਦੋਂ ਸ਼ਾਹਣੀ ਨੇ ਸੌਦਾ ਜੋਖਦਿਆਂ ਭਰਾ ਦਾ ਪਤਾ ਲੱਗ ਜਾਣ ਦੀ ਵਧਾਈ ਦਿੱਤੀ ਤਾਂ ਉਹ ਸ਼ਾਹਣੀ ਦੇ ਮੁਸਕਰਾਉਂਦੇ ਚਿਹਰੇ ਦੀ ਤਾਬ ਨਾ ਝੱਲ ਸਕਿਆ। ਉਹ ਹੱਟੀ ਦੀ ਨੁੱਕਰ ਵਿਚ ਪਏ ਲੱਡੂਆਂ ਵਾਲੇ ਪੀਪੇ 'ਤੇ ਨਜ਼ਰਾਂ ਗੱਡੀ ਖੜੋਤਾ ਰਿਹਾ।

"ਟੁੱਟ ਪੈਣਿਆ! ਕੁਆਰੀਆਂ ਕੁੜੀਆਂ ਅੰਗੂ ਨੁੱਕਰਾਂ ਜਿਹੀਆਂ 'ਚ ਕੀ ਵੇਖੀ ਜਾਂਦਾ ਏਂ...ਰਤਾ ਅੱਖਾਂ ਤੇ ਉੱਚੀਆਂ ਕਰ...।"

"ਕ...ਕ...ਕੀ ਆ ਚਾਚੀ...?"

"ਵੇ ਮੈਂ ਨੀ ਤੇਰੀ ਚਾਚੀ ਚੂਚੀ ਲੱਗਦੀ ਕੋਈ। ਮੈਂ ਤਾਂ ਉਮਰੋਂ ਤੇਰੇ ਤੋਂ ਵੀ ਛੋਟੀ ਆਂ। ਮੈਨੂੰ ਸੰਗ ਆਉਂਦੀ ਆ ਜਦੋਂ ਤੂੰ ਮੈਨੂੰ ਚਾਚੀ ਚਾਚੀ ਆਹਨੈਂ..." ਫਿਰ

## ਵਸੀਹਤ

### ਸੰਤ ਰਾਮ ਉਦਾਸੀ

ਮੈਂ ਕੋਈ "ਵੱਡਾ ਆਦਮੀ" ਨਹੀਂ
ਜਿਸਦੀ ਵਸੀਹਤ ਪੁਗਾਉਣ ਲਈ ਕਰਨੇ ਪੈਣਗੇ ਤੁਹਾਨੂੰ
ਅੰਤਰ ਰਾਸ਼ਟਰੀ ਅਡੰਬਰ

ਮੇਰੀ ਤਾਂ ਰੀਝ ਹੈ ਕਿ ਮੇਰੀ ਕਵਿਤਾ
ਬਣ ਜਾਏ ਸੂਹੀ ਸਵੇਰ ਦਾ ਇੱਕ ਭਾਗ
ਤੇ ਦਿਨ ਚੜ੍ਹਦੇ ਦੀ ਲਾਲੀ ਨੂੰ ਮੇਰੇ ਕਿਰਤੀ ਭਰਾ
ਦੇਖਣ ਲਈ ਹੋ ਹੋ ਖਲੋਣ ਇੱਕ ਦੂਜੇ ਤੋਂ ਮੂਹਰੇ।

ਮੈਂ ਹਰਗਿਜ਼ ਨਹੀਂ ਚਾਹਾਂਗਾ
ਕਿ ਮੇਰੇ ਗੀਤ ਬਨਣ ਜਣੇ ਖਣੇ ਦੀ ਪ੍ਰਸੰਸਕ ਆਲੋਚਨਾਂ ਦਾ
ਵਿਸ਼ਾ
ਕਿਉਂਕਿ ਮੇਰੇ ਦੁਸ਼ਮਨ ਬਹੁਤ ਕਾਹਲੇ ਹਨ ਮੇਰੀ ਪ੍ਰਸੰਸਾ ਕਰਕੇ
ਮੇਰੇ ਮਿੱਤਰਾਂ ਵਿਚ ਘੁਸੜਨ ਲਈ।

ਮੇਰੀ ਲੋਥ ਤਾਂ ਸ਼ਾਇਦ ਤੁਹਾਨੂੰ ਨਹੀਂ ਲੱਭਣੀ
ਤੇ ਨਾ ਹੀ ਪਤਾ ਲੱਗੇਗਾ
ਮੇਰੇ ਮਰਨ ਦੀ ਤਾਰੀਖ਼ ਅਤੇ ਵਕੂਏ ਦਾ
ਨਹੀਂ ਤਾਂ ਮੈਂ ਤੁਹਾਨੂੰ
ਅੰਤਮ ਸੰਸਕਾਰ ਵਾਰੇ ਵੀ ਲਿਖਣਾਂ ਸੀ ਜ਼ਰੂਰ

ਮੈਨੂੰ ਤਾਂ ਬੱਸ ਇਹਾ ਝੋਰਾ ਹੈ
ਕਿਹ ਮੇਰੀ ਲਾਸ਼ ਤਰੱਕਦੀ ਰਹੇਗੀ ਅਣਪਛਾਤੇ ਪੁਲਦੇ ਲਾਗਲੇ
ਵੱਢਾਂ ਵਿਚਕਾਰ
ਜਿਸਦੀ ਬੋਅ ਸਦਕਾ ਨਹੀਂ ਆ ਸਕਣਗੀਆਂ ਏਧਰ
'ਬੱਲੀ', ਵਰਗੇ ਪਾਲੀਆਂ ਦੀਆਂ ਚਰਨ ਲਈ ਗਾਈਆਂ
ਤੇ ਏਧਰ ਕੋਈ ਸਿਲੇਹਾਰ ਨਹੀਂ ਆਏਗੀ
ਭਰੇ ਗੱਡਿਆਂ ਤੋਂ ਮਲ੍ਹਿਆਂ ਨਾਲ ਘਸੜਕੇ ਕਿਰੀਆਂ ਬੱਲੀਆਂ
ਚੁਗਣ ਲਈ

ਹੋ ਸਕਦਾ ਹੈ ਕਿਹ ਮੈਨੂੰ ਟੁੱਕਿਆ ਜਾਏ
ਮੇਰੇ ਵਿਲਕਦੇ ਬੱਚਿਆਂ ਦੇ ਸਾਹਮਣੇ
ਜਾਂ ਮੈਂ ਖ਼ੁਦ ਵੀ ਕਿਸੇ ਸਾਥੀ ਦੀ ਮਾਂ ਨੂੰ ਘੜੀਸੀ ਜਾਂਦੇ
ਕਪਤਾਨ ਵਿੱਚ ਟੱਕਰ ਮਾਰਕੇ ਮਰ ਸਕਦਾ ਹਾਂ
ਉਸ ਸਮੇਂ ਤੁਹਾਨੂੰ ਬਹੁਤ ਖੇਚਲ ਹੋਏਗੀ
ਮੇਰੀ ਲੋਥ ਦੀ ਬੇਅਦਬੀ ਰੋਕਣ ਲਈ
ਕਿਉਂਕਿ ਉਦੋਂ ਤੁਸੀਂ ਵੀ ਘਿਰੇ ਹੋਏ ਹੋਵੋਂਗੇ
ਖ਼ੂੰਨਖਾਰ ਗਿਰਝਾਂ ਅਤੇ ਕੁੱਤਿਆਂ ਵਿਚਕਾਰ
ਹੋ ਸਕੇ ਤਾਂ ਮੇਰਾ "ਖ਼ੈਰ ਸੁੱਖ" ਵਾਲਾ ਗੀਤ
ਪਹੁੰਚਾ ਦੇਣਾਂ ਸ਼ਹੀਦ ਸਾਥੀਆਂ ਦੇ ਪਿੰਡਾਂ ਦੀਆਂ ਸੱਥਾਂ ਵਿਚਕਾਰ

ਮੈਨੂੰ ਪਤਾ ਹੈ ਕਿਹ ਮੇਰੇ ਕਾਤਲਾਂ ਨੂੰ ਬਰੀ ਕਰਨ ਲਈ
ਬਹੁਤ ਕਾਹਲੀਆਂ ਹੋਣਗੀਆਂ ਸਾਡੇ ਦੁਸ਼ਮਣਾਂ ਦੀਆਂ ਅਦਾਲਤਾਂ
ਪਰ ਤੁਸੀਂ ਇਸਦਾ ਕੋਈ ਗਮ ਨਾ ਕਰਨਾ,
ਤੁਹਾਡੇ ਵਲੋਂ ਉਹਨਾਂ ਨੂੰ ਕੋਈ ਸਜ਼ਾ ਮਿਲਣ ਤੋਂ ਪਹਿਲਾਂ
ਕਦੋਂ ਦੀ ਸਜ਼ਾ ਮਿਲ ਚੁੱਕੀ ਹੈ
ਜਦੋਂ ਕਿ ਮੈਂ ਕਿਰਤੀਆਂ ਦੇ ਗੀਤ ਦੀ ਲਿਖੀ ਸੀ ਪਹਿਲੀ ਸਤਰ

ਇਕ ਪਲ ਰੁਕ ਕੇ ਬੁੱਲ੍ਹ ਟੁੱਕਦੀ ਬੋਲੀ, "ਔਰਤ ਦਾ ਕਿਹਾ ਸਰੀਰ ਸੀ...ਤੇ ਹੁਣ ਕਿਵੇਂ ਹਾਲਤ ਬਣਾਈ ਰੱਖਦਾ। ਆਪਣੇ ਲੀੜੇ ਤੇ ਵੇਖ... ਕਦੋਂ ਧੋਤੇ ਈ..." ਤੇ ਮਲੇ ਦੰਦਾਸੇ ਹੇਠੋਂ ਸੋਨੇ ਵਿਚ ਜੜਿਆ ਉਹਦਾ ਦੰਦ ਚਮਕ ਰਿਹਾ ਸੀ। ਉਸ ਨੇ ਸਾਬਣ ਦੀਆਂ ਚਾਕੀਆਂ ਮੁੜ ਤੇ ਹੀ ਉਹਨੂੰ ਫੜਾ ਦਿੱਤੀਆਂ ਤੇ ਸਾਬਣ ਫੜਾਉਂਦਿਆਂ ਉਹਦੀਆਂ ਉਂਗਲਾਂ ਪੋਲੇ ਜਿਹੇ ਘੁੱਟ ਲਈਆਂ। ਉਹ ਜਿਹੜੀ ਉਹਦੇ ਸੁਹਣੇ ਸਰੀਰ ਦੀ ਕਦਰਦਾਨ ਹੁੰਦੀ ਸੀ, ਅੱਜ ਉਸ ਤੇ ਮਿਹਰਬਾਨ ਹੋਈ ਨਜ਼ਰ ਆ ਰਹੀ ਸੀ। ਉਹਨੂੰ ਸ਼ਾਇਦ ਕੁਝ ਕਰਜ਼ ਮੁੜਨ ਦੀ ਆਸ ਵੀ ਸੀ, ਜਿਹੜਾ ਕਈ ਸਾਲਾਂ ਤੋਂ ਉਹਦੇ ਪਿਉ ਵੱਲ ਫਸਿਆ ਹੋਇਆ ਸੀ।...

ਇੰਜ ਉਹਦੇ ਸ਼ਾਹਣੀ ਦੀ ਹੱਟੀ 'ਤੇ ਗੇੜੇ ਵਧ ਗਏ ਸਨ। ਉਹਦਾ ਪਿੰਡ ਨਾਲ, ਲੋਕਾਂ ਨਾਲ ਮੋਹ ਜਿਵੇਂ ਫਿਰ ਪਰਤ ਪਿਆ ਸੀ। ਉਖੜਦੇ ਜਾਂਦੇ ਦੀਆਂ ਜੜ੍ਹਾਂ ਜਿਵੇਂ ਫਿਰ ਧਰਤੀ ਵਿਚ ਲੱਗ ਗਈਆਂ ਸਨ। ਉਸਦੀ ਹੁੰਮਸ ਵਰਗੀ ਜ਼ਿੰਦਗੀ ਵਿਚ ਜਿਵੇਂ ਹਵਾ ਹੁਮਕ ਪਈ ਸੀ। ਉਸਨੂੰ ਸੁਖ ਦਾ ਸਾਹ ਆਇਆ ਸੀ। ਜਿਹੜੇ ਸੰਸਾਰ ਵਿਚ ਉਹਦਾ ਭਰਾ ਪ੍ਰੀਤਮ ਸਿੰਘ ਸੀ, ਜਿਹੜੇ ਸੰਸਾਰ ਵਿਚ ਸ਼ਾਹਣੀ ਵਰਗੀ ਭਰ ਜੁਆਨ ਔਰਤ ਦੀ ਮੁਸਕਰਾਹਟ ਉਹਦੇ ਅਰਪਣ ਸੀ ਉਹ ਸੰਸਾਰ ਜ਼ਰੂਰ ਮਾਨਣ ਯੋਗ ਸੀ। ਉਹ ਜਨਮ ਜ਼ਰੂਰ ਹੀ ਲੇਖੇ ਲਾਉਣ ਯੋਗ ਸੀ। ਉਸ ਜੀਵਨ ਤੋਂ ਖਿਝ ਕਾਹਦੀ... ਨਿਰਾਸ਼ਾ ਕਾਹਦੀ!

ਪ੍ਰੀਤਮ ਸਿੰਘ ਦੇ ਗਾਹੇ ਬਗਾਹੇ ਭੇਜੇ ਪੈਸਿਆਂ ਨਾਲ ਫੇਜੂ ਨੇ ਪਰਿਵਾਰ ਦਾ ਸਾਰਾ ਕਰਜ਼ਾ ਹੌਲੀ ਹੌਲੀ ਉਤਾਰ ਲਿਆ। ਹੁਣ ਉਸਨੂੰ ਤੜਕੇ ਖੇਤਾਂ ਨੂੰ ਹਲ ਜੋਣ ਜਾਂਦਿਆਂ ਪਹਿਲਾਂ ਵਰਗੀ ਬੇਸੁਆਦੀ ਨਾ ਹੁੰਦੀ। ਘਰ ਦੀ ਦਿੱਕਤ ਠੀਕ ਉਸਨੂੰ ਤੰਗ ਕਰੀ ਰਖਦੀ ਸੀ, ਪਰ ਸ਼ਾਹਣੀ ਦੇ ਇਸ਼ਕ ਦਾ ਅਹਿਸਾਸ ਫਿਰ ਵੀ ਉਹਦੀਆਂ ਨਾੜਾਂ ਗਰਮਾਈ ਰੱਖਦਾ। ਉਹ ਇਕ ਦੋ ਗੇੜੇ ਜ਼ਰੂਰ ਹੱਟੀ 'ਤੇ ਮਾਰਦਾ। ਹੁਣ ਦੀਵਾਨ ਸ਼ਾਹ ਵੀ ਉਸਦੀ ਇੱਜ਼ਤ ਕਰਦਾ ਸੀ। ਸੌਦਾ-ਪੱਤਰ ਹੁਦਾਰ ਦੇਣੋਂ ਵੀ ਸੰਕੋਚ ਨਾ ਕਰਦਾ। ਹੁਣ ਉਸਨੂੰ ਕਰਮ ਡੁੱਬ ਜਾਣ ਦਾ ਵੀ ਤਾਂ ਕੋਈ ਖ਼ਤਰਾ ਨਹੀਂ ਸੀ। ਉਹ ਕਿੰਨਾ ਕਿੰਨਾ ਚਿਰ ਬੋਰੀ 'ਤੇ ਬੈਠਾ 'ਉਤਾਰ ਪਾਰ' ਦੀਆਂ ਮਾਰਦਾ ਰਹਿੰਦਾ। ਸ਼ਾਹਣੀ ਪਿੱਛੇ ਹੱਟੀ ਵਿਚੋਂ ਘਰ ਵੱਲ ਖੁੱਲ੍ਹਦੇ ਦਰਵਾਜ਼ੇ ਵਿਚ ਬੈਠੀ ਉਹਨਾਂ ਦੀਆਂ ਗੱਲਾਂ ਸੁਣਦੀ ਰਹਿੰਦੀ। ਕਦੀ ਕਦੀ ਹੁੰਗਾਰਾ ਭਰ ਛੱਡਦੀ। ਮੁਸਕਰਾ ਦਿੰਦੀ। ਤੇ ਜੇ ਕਦੀ ਸ਼ਾਹ ਹੱਟੀ ਨਾ ਹੁੰਦਾ ਤਾਂ ਕਦੀ ਖੰਡ ਦੀਆਂ ਰਿਉੜੀਆਂ ਉਹਦੀ ਝੋਲੀ ਪਾ ਦਿੰਦੀ—ਕਦੀ ਸੇਵੀਆਂ ਤੇ ਕਦੀ ਲੱਡੂ। ਕਈ ਵਾਰ ਉਹਦਾ ਦਿਲ ਕਰਦਾ ਸ਼ਾਹਣੀ ਨੂੰ ਲੈਕੇ ਕਿਧਰੇ ਦੂਰ ਨਿਕਲ ਜਾਵੇ। ਪਰ ਫਿਰ ਖਬਰੇ ਬੁਢੜੀ ਮਾਂ ਦਾ ਖਿਆਲ ਉਸਨੂੰ ਸ਼ਾਹਣੀ ਨੂੰ ਅਜਿਹਾ ਕਹਿਣ ਤੋਂ ਵਰਜਦਾ ਸੀ ਜਾਂ ਉਹਦੇ ਅੰਦਰਲੀ ਸੁਭਾਵਕ ਸੰਗ ਨੇ ਇਹ ਗੱਲ ਉਹਦੇ ਬੁਲ੍ਹਾਂ 'ਤੇ ਆਉਣ ਨਹੀਂ ਸੀ ਦਿੱਤੀ। ਇਕ ਦੋ ਵਾਰ ਜਦੋਂ ਉਹਨੇ ਇਕੱਲੀਆਂ ਠੰਢੀਆਂ ਤੇ ਉਦਾਸ ਰਾਤਾਂ ਦਾ ਜ਼ਿਕਰ ਉਸ ਕੋਲ ਕੀਤਾ ਤੇ ਉਹਦੇ ਕੁਥਾਂਵੇਂ ਫਸੀ ਹੋਣ 'ਤੇ ਦੁੱਖ ਦਾ ਪਛਤਾਵਾ ਕੀਤਾ ਤਾਂ ਹਰ ਵੇਲੇ ਹੱਸਦੀ ਰਹਿਣ ਵਾਲੀ ਸ਼ਾਹਣੀ ਰੋ ਪਈ ਸੀ, "ਕਮਲਿਆ! ਆਪਣੇ ਕਰਮ ਈ ਇੰਜ ਸਨ...ਮਾਪਿਆਂ ਦਮਾਂ ਦਿਆਂ ਲੋਭੀਆਂ..." ਤੇ ਉਹਨੇ ਅੱਖਾਂ ਵਿਚ ਆਏ ਅੱਥਰੂ ਪੂੰਝ ਸੁੱਟੇ ਤੇ ਬਨਾਉਟੀ ਮੁਸਕਰਾਹਟ ਬੁਲ੍ਹਾਂ 'ਤੇ ਲਿਆਉਂਦਿਆਂ ਬੋਲੀ, "ਤੇਰਾ ਭਰਾ ਖਬਰੇ ਉਧਰੋਂ ਆਉਂਦਾ ਲਈ ਆਵੇ ਕੋਈ ਮੇਮ ਸ਼ੇਮ...ਉਹ ਆਪੇ ਤੇਰੀ ਵੀ ਕਿਧਰੇ ਕੁੜੀ ਅੜਾ ਦੂ..."

ਤੇ ਘਰੋਂ ਜਾਣ ਤੋਂ ਪੂਰੇ ਪੰਜ ਸਾਲ ਪਿਛੋਂ ਜਦੋਂ ਉਹਦਾ ਭਰਾ ਘਰ ਆਇਆ ਤਾਂ ਉਹ ਭਾਵੇਂ ਮੇਮ ਤਾਂ ਨਾਲ ਨਹੀਂ ਸੀ ਲਿਆਇਆ ਪਰ ਉਹਦੀ ਜੇਬ ਵਿਚ ਪੈਸੇ ਸਨ। ਵਧੀਆ ਕੱਪੜਿਆਂ ਵਿਚ ਉਹ ਫੱਬ ਟੱਬ ਪੈ ਰਿਹਾ ਸੀ। ਉਹਦੀ ਸਿਹਤ ਸੁਹਣੀ ਬਣੀ ਹੋਈ ਸੀ। ਉਸ ਆਉਂਦਿਆਂ ਹੀ ਦੋ ਪੱਕੀਆਂ ਕੋਠੜੀਆਂ ਛਤਾਉਣੀਆਂ ਸ਼ੁਰੂ ਕਰ ਦਿੱਤੀਆਂ। ਪਿੰਡ ਦੇ ਲੋਕਾਂ ਲਈ ਉਹ ਪ੍ਰੀਤੂ ਤੋਂ ਪ੍ਰੀਤਮ ਸਿੰਘ ਹੋ ਗਿਆ ਸੀ। ਬੁੱਢੜੀ ਮਾਂ ਬੁੱਝਦੀ ਬੁੱਝਦੀ ਫਿਰ ਜਗ ਪਈ ਸੀ। ਇਕ ਦਿਨ ਭਾਈ ਮਿਲਖੇ ਦੇ ਪਿਉ ਦੀ ਦੱਸ 'ਤੇ ਪ੍ਰਾਹੁਣੇ ਆਏ ਤੇ ਪ੍ਰੀਤਮ ਸਿੰਘ ਦੇ ਹੱਥ 'ਤੇ ਰੁਪਈਆ ਰੱਖ ਗਏ। ਦਗਦੇ ਚਮਕੀਲੇ ਕੱਪੜਿਆਂ ਵਿਚ ਤੇ ਚਿਹਰੇ 'ਤੇ ਉਤਰ ਆਈ ਲਾਲੀ ਦੀ ਰੋਸ਼ਨੀ ਵਿਚ ਕਿਸੇ ਨੇ ਉਹਦੀ ਦਾੜ੍ਹੀ ਵਿਚ ਉੱਤਰ ਰਹੇ ਇੱਕਾ ਦੁੱਕਾ ਧੌਲਿਆਂ ਦੀ ਪ੍ਰਵਾਹ ਹੀ ਨਾ ਕੀਤੀ। ਪ੍ਰਵਾਹ ਕਰਨ ਦੀ ਕਿਸੇ ਨੂੰ ਲੋੜ ਵੀ ਕੀ ਸੀ। ਪੈਸੇ ਵਾਲਾ ਪ੍ਰੀਤਮ ਸਿੰਘ ਹੁਣ ਪਿੰਡ

## ਜ਼ਿੰਦਗੀ ਦਾ ਸੱਚ

**ਗੁਰਬਖ਼ਸ਼ ਜੱਸ**

ਜ਼ਿੰਦਗੀ ਦੀ ਕਠੋਰ ਹਕੀਕਤ ਤੋਂ ਭੈਅ ਖਾ ਕੇ
ਅਸੀਂ ਅੱਜ ਤਕ ਲੈਂਦੇ ਰਹੇ ਆਸਰਾ
ਕੁਝ ਸੁਹਾਵਣੇ ਵਹਿਮਾਂ ਦਾ
ਕੁਝ ਦਿਲਕਸ਼ ਭਰਮਾਂ ਦਾ
ਅਸੀਂ ਧੋਖਿਆਂ ਵਿਚ ਘਿਰਕੇ
ਰੋਲਦੇ ਰਹੇ ਪੈਰਾਂ ਵਿਚ
ਜ਼ਿੰਦਗੀ ਦੇ ਅਨਮੋਲ ਪਲਾਂ ਨੂੰ
ਅਸੀਂ ਪਹਿਚਾਣਿਆ ਵੀ ਨਾ
ਕੌਣ ਚੁਰਾ ਕੇ ਲੈ ਜਾਂਦਾ ਹੈ
ਸਾਡੇ ਹਾਸਿਆਂ ਦੀਆਂ ਮਹਿਕਾਂ
ਸਾਨੂੰ ਤਾਂ ਫੁਰਸਤ ਹੀ ਨਾ ਮਿਲੀ
ਇਹ ਜਾਨਣ ਦੀ, ਇਹ ਸੋਚਣ ਦੀ
ਕਿ ਕਿਹੜੇ ਮਾਰੂਥਲਾਂ ਵਿਚ ਗੁੰਮ ਗਈ ਹੈ
ਸੱਸੀ ਦੇ ਜੋਬਨ ਵਰਗੀ
ਜ਼ਿੰਦਗੀ ਦੀ ਬਹਾਰ
ਅਸੀਂ ਤਾਂ ਪੂਜਾ ਪਾਠ ਪਾਪ ਪੁੰਨ ਵਰਗੇ
ਖ਼ੂਬਸੂਰਤ ਭੁਲੇਖਿਆਂ ਨੂੰ ਹੀ
ਜ਼ਿੰਦਗੀ ਦਾ ਨਾਂ ਦਿੰਦੇ ਰਹੇ
ਅਸੀਂ ਇਕ ਨਾਕਾਮ ਕੋਸ਼ਸ਼ ਕਰਦੇ ਰਹੇ
ਆਪਣਾ ਆਪਾ ਪਹਿਚਾਨਣ ਦੀ
ਗੀਤਾ ਗਰੰਥਾਂ ਅਤੇ ਗੁਟਕਿਆਂ ਵਿਚੋਂ
ਅਸੀਂ ਭਟਕਦੇ ਹੀ ਨਿਕਲ ਗਏ ਬਹੁਤ ਦੂਰ
ਸੱਚ ਦੀ ਕਿਰਨ ਨੂੰ ਫੜਨ ਦੀ ਤਲਾਸ਼ ਵਿਚ
ਪਰ ਕੱਜਿਆ ਨਹੀਂ ਜਾਣਾ ਇਵੇਂ
ਜ਼ਿੰਦਗੀ ਦੇ ਸੱਚ ਦਾ ਨੰਗੇਜ
ਭੁਲੇਖਿਆਂ ਦੇ ਪਰਦਿਆਂ ਨਾਲ
ਅੱਜ ਜਾਨਣਾ ਪਏਗਾ ਤੁਹਾਨੂੰ ਸਾਰਿਆਂ ਨੂੰ
ਜ਼ਿੰਦਗੀ ਦਾ ਸੱਚ
ਜਿੰਨਾ ਪਹਿਲਾਂ ਕਦੇ ਵੀ ਨਹੀਂ ਸੀ
ਸਾਡੇ ਇਤਿਹਾਸ ਵਿਚ

ਦੇ ਤਖ਼ਤਪੋਸ਼ 'ਤੇ ਬੈਠੇ ਬੰਦਿਆਂ ਦਾ ਖ਼ਿਆਲ ਆਪਣੇ ਵੱਲ ਖਿੱਚ ਸਕਦਾ ਸੀ। ਧੂਹ 'ਤੇ ਉਸਨੂੰ ਆਪ ਆਵਾਜ਼ ਦੇ ਕੇ ਬੈਠਣ ਲਈ ਥਾਂ ਦਿੱਤੀ ਜਾਂਦੀ ਸੀ। ਨਹਾਉਣ ਗਿਆਂ ਉਹਨੂੰ ਖੂਹੀ 'ਚੋਂ ਡੋਲ ਕੱਢ ਕੇ ਟੂਟੀਆਂ ਵਿਚ ਪਾਣੀ ਪਾਉਣ ਦੀ ਖੇਚਲ ਨਹੀਂ ਸੀ ਕਰਨੀ ਪੈਂਦੀ...ਉਹਦੇ ਲਈ ਕਿਸੇ ਹੋਰ ਨੂੰ ਪਾਣੀ ਭਰਕੇ ਖੁਸ਼ੀ ਹੁੰਦੀ। ਉਸ ਨਾਲ ਗੱਲਾਂ ਕੀਤਿਆਂ ਖੁਸ਼ੀ ਲਈ ਜਾਂਦੀ ਸੀ। ਬਾਹਰਲੇ ਮੁਲਕ ਬਾਰੇ ਉਸ ਤੋਂ ਦਿਲਚਸਪੀ ਨਾਲ ਸੁਣਿਆ ਜਾਂਦਾ ਸੀ, ਜਿੱਥੇ ਮਿਹਨਤ ਕਰਕੇ ਉਹ ਏਨੇ ਪੈਸੇ ਕਮਾ ਲਿਆਇਆ ਸੀ, ਜਿਸ ਨਾਲ ਉਸਨੇ ਮਕਾਨ ਛੱਤ ਲਏ ਸਨ...ਘਰ ਦਾ ਕਰਜ਼ ਉਤਾਰ ਲਿਆ ਸੀ ਤੇ ਹੁਣ ਖੇਤਾਂ ਵਿਚ ਆਪਣਾ ਖੂਹ ਲੁਆਉਣ ਦੀ ਸੋਚ ਰਿਹਾ ਸੀ।

ਪ੍ਰੀਤਮ ਸਿੰਘ ਵਿਆਹ ਕੇ ਜਦੋਂ ਨਵੀਂ ਵਹੁਟੀ ਘਰ ਲਿਆਇਆ ਤਾਂ ਬੁੱਢੀ ਮਾਂ ਨੇ ਉਹਦੇ ਸਿਰ 'ਤੋਂ ਪਾਣੀ ਵਾਰ ਕੇ ਪੀਤਾ। ਉਹਦੀ ਉਮਰਾਂ ਦੀ ਸੱਧਰ ਪੂਰੀ ਹੋਈ ਸੀ। ਉਹਦੇ ਸਹੁਰੇ ਦਾ ਘਰ ਵੱਸ ਰਿਹਾ ਸੀ। ਉਹਦੇ ਮਨ ਵਿਚ ਅਮਨ ਸੀ, ਸ਼ਾਂਤੀ ਸੀ, ਚਾਅ ਸੀ। ਇਕ ਨਵਾਂ ਉਤਸ਼ਾਹ ਘਰ ਦੀ ਚਾਰ ਦੀਵਾਰੀ ਵਿਚ ਉਮ੍ਹਲ ਰਿਹਾ ਸੀ। ਇਕ ਨਵੀਂ ਧੜਕਦੀ ਜ਼ਿੰਦਗੀ ਨੇ ਪ੍ਰੀਤਮ ਸਿੰਘ ਤੇ ਉਹਦੀ ਪਤਨੀ ਗੁਰੋ ਸਮੇਤ ਇਸ ਘਰ ਵਿਚ ਪ੍ਰਵੇਸ਼ ਕੀਤਾ ਸੀ।

ਕੂਲੇ ਕੱਪੜਿਆਂ ਵਿਚ ਵਲ੍ਹੇਟੀ ਕੂਲੀ ਜਿਹੀ ਗੁਰੋ, ਜਿਵੇਂ ਧੁੱਪ ਨਾਲ ਸੜਦੇ ਵਿਹੜੇ ਵਿਚ ਸੰਘਣੀ ਧਰੇਕ ਵਾਂਗ ਸੀ। ਠੰਢ ਵਰਤਾਉਂਦੀ ਹੋਈ...ਤਿੱਖੜ ਕਿਰਨਾਂ ਤੋਂ ਬਚਾਉਂਦੀ ਹੋਈ। ਬੁਢੜੀ ਖੂੰਡੀ ਫੜਕੇ ਆਂਢ ਗੁਆਂਢ ਤੁਰੀ ਰਹਿੰਦੀ। ਨੂੰਹ ਦੀਆਂ ਸਿਫਤਾਂ ਕਰਦੀ ਨਾ ਰੱਜਦੀ। ਜਿਹੜੀ ਆਈ ਸੀ ਤੇ ਉਸਦੇ ਕਲੇਜੇ ਠੰਢ ਪਈ ਸੀ। ਜਿਹੜੀ ਆਈ ਸੀ ਤੇ ਉਹਨਾਂ ਦੇ ਘਰ ਬੂਟਾ ਲੱਗਣਾ ਸੀ। ਉਹਨਾਂ ਦੇ ਪਰਿਵਾਰ ਦਾ ਜੱਗ 'ਤੇ ਨਿਸ਼ਾਨ ਰਹਿਣਾ ਸੀ।--ਤੇ ਫੌਜਾ ਸਿੰਘ ਸੀ, ਉਮਰੋਂ ਛੋਟੀ ਪਰ ਵੱਡੀ ਭਰਜਾਈ ਦੇ ਸਾਹਮਣੇ ਜਿਵੇਂ ਲੇਲਾ ਜਿਹਾ ਬਣਕੇ ਰਹਿ ਗਿਆ ਸੀ। ਗੁਰੋ ਦੇ ਬਰੀਕ ਬੋਲ ਉਸਦੇ ਕੰਨਾਂ 'ਚ ਟੁਣਕਦੇ ਰਹਿੰਦੇ। ਸੈਂਟ ਦੀ ਖੁਸ਼ਬੋ ਉਹਦੀਆਂ ਨਾਸਾਂ 'ਚ ਜਲੂਣ ਛੇੜਦੀ ਰਹਿੰਦੀ। ਸ਼ਾਮ ਨੂੰ ਸਾਰਾ ਪਰਿਵਾਰ ਬੈਠਕੇ ਰੋਟੀ ਖਾਂਦੇ, ਕਿੰਨੀ ਕਿੰਨੀ ਰਾਤ ਗਈ ਤੱਕ ਗੱਲਾਂ ਕਰਦੇ ਰਹਿੰਦੇ। ਇਹ ਦਿਨ ਸਨ, ਜਿਨ੍ਹਾਂ ਦਿਨਾਂ ਵਿਚ ਫੌਜੂ ਕੋਲ ਮੌਤ ਬਾਰੇ ਸੋਚਣ ਲਈ ਤਾਂ ਕੀ ਸਗੋਂ ਸ਼ਾਹਣੀ ਕੋਲ ਜਾਂ ਤਖ਼ਤਪੋਸ਼ ਹੇਠਾਂ ਜਾਣ ਦਾ ਵੀ ਘੱਟ ਹੀ ਸਮਾਂ ਮਿਲਦਾ ਸੀ। ਸ਼ਾਹਣੀ ਭਾਬੀ ਦੇ ਜਾਲ ਵਿਚ ਫਸ ਜਾਣ ਦੇ ਮਿਹਣੇ ਮਾਰਦੀ ਰਹਿੰਦੀ। ਭਾਈ ਮਿਲਖੇ ਹੁਰੀਂ...ਉਹਦੀਆਂ 'ਪੰਜੇ ਘਿਉ 'ਚ' ਆਖਕੇ ਉਹਨੂੰ ਛੇੜਦੇ। ਫੌਜੂ ਦੀਆਂ ਘਰ ਵਿਚ ਖੇਤਾਂ ਵਿਚ ਜੜ੍ਹਾਂ ਹੋਰ ਡੂੰਘੀਆਂ ਲੱਗ ਗਈਆਂ ਸਨ; ਜਿਹੜੀਆਂ ਖਬਰੇ ਪਹਿਲਾਂ ਪਾਣੀ ਦੀ ਘਾਟ ਕਰਕੇ ਸੁੱਕਦੀਆਂ ਜਾਂਦੀਆਂ ਸਨ।

ਤਿੰਨ ਚਾਰ ਮਹੀਨੇ ਅੱਖ-ਪਲਕਾਰੇ ਵਿਚ ਬੀਤ ਗਏ। ਪ੍ਰੀਤਮ ਸਿੰਘ ਵਾਪਸ ਚਲਾ ਗਿਆ। ਉਸ ਇਕਰਾਰ ਕੀਤਾ ਸੀ ਕਿ ਉਹ ਗੁਰੋ ਨੂੰ ਛੇਤੀ ਹੀ ਉੱਥੇ ਬੁਲਾ ਲਵੇਗਾ। ਓਨਾ ਚਿਰ ਉਹ ਆਪਣੀ ਬੁੱਢੀ ਸੱਸ ਦੀ ਸੇਵਾ ਕਰੇ। ਨਾਲੇ ਸ਼ਾਇਦ ਕਿਸਮਤ ਬਦਲੀ ਕਰਕੇ ਓਨੇ ਚਿਰ ਨੂੰ ਫੌਜੂ ਦਾ ਵੀ ਕੋਈ ਬੰਨ੍ਹ-ਸੁਬ੍ਹ ਹੋ ਜਾਵੇ ਤੇ ਘਰ ਦੀ ਰੋਟੀ ਪੱਕਦੀ ਰਹੇ। ਫੌਜੂ ਨੂੰ ਉਸ ਕਿਹਾ ਸੀ ਕਿ ਜ਼ਮੀਨ ਤਾਂ ਉਸਦੀ ਹੀ ਸੀ। ਉਹ ਤਕੜਾ ਹੋ ਕੇ ਕੰਮ ਕਰੇ। ਉਹ ਸਾਲ ਦੇ ਅੰਦਰ ਅੰਦਰ ਹੀ ਉਸਨੂੰ ਖੂਹ ਵੀ ਲੁਆ ਦੇਵੇਗਾ।

ਪ੍ਰੀਤਮ ਸਿੰਘ ਦੇ ਜਾਣ ਪਿੱਛੋਂ ਪਹਿਲੇ ਕੁਝ ਦਿਨ ਤਾਂ ਗੁਰੋ ਉਦਾਸ ਰਹੀ। ਪਰ ਫਿਰ ਹੌਲੀ ਹੌਲੀ ਨਵੇਂ ਮਾਹੌਲ ਵਿਚ ਹਿਲ ਜਿਹੀ ਗਈ। ਫੌਜੂ ਨਾਲ ਜ਼ਬਾਨ ਸਾਂਝੀ ਕਰਦਿਆਂ ਹੁਣ ਉਹਦੀ ਜ਼ਬਾਨ ਥਥਲਾਉਂਦੀ ਨਹੀਂ ਸੀ। ਗੁਰੋ ਨੂੰ ਕੋਈ ਨਿੱਕਾ ਨਿਆਣਾ ਹੋਣ ਵਾਲਾ ਹੋ ਗਿਆ ਸੀ, ਉਸਨੂੰ ਖੁਰਾਕ ਦੀ ਲੋੜ ਸੀ। ਇਕ ਦਿਨ ਜਦੋਂ ਆਵਾਜ਼ ਦੇ ਕੇ ਉਸਨੇ ਫੌਜੂ ਨੂੰ ਪ੍ਰੀਤਮ ਸਿੰਘ ਦੇ ਦਿੱਤੇ ਪੈਸਿਆਂ 'ਚੋਂ ਮੱਝ ਲਈ ਖਲ ਤੇ ਵੜੇਵਿਆਂ ਦੀ ਇਕ ਇਕ ਬੋਰੀ ਅੱਡੇ ਤੋਂ ਲਿਆਕੇ ਦੇਣ ਲਈ ਪੈਸੇ ਫੜਾਏ ਤਾਂ ਨੋਟ ਫੜਾਉਂਦਿਆਂ ਉਹਦੇ ਹੱਥ ਫੌਜੇ ਦੇ ਭਾਰੇ ਕਰੜੇ ਹੱਥਾਂ ਨਾਲ ਭਾਵੇਂ ਛੂਹੇ ਤਾਂ ਨਹੀਂ ਸਨ ਪਰ ਨੋਟਾਂ ਦੇ ਵਿਚੋਂ ਦੀ ਹੀ ਜਿਵੇਂ ਕੋਈ ਕਰੰਟ ਉਹਦੇ ਅੰਦਰ ਲੰਘ ਗਿਆ ਸੀ। ਉਹਦਾ ਲੰਮਾ ਚੌੜਾ ਜੁੱਸਾ ਮੋਮ ਬਣ ਗਿਆ ਸੀ। ਉਹਦੀ ਭਾਬੀ ਨੇ ਉਹਨੂੰ ਖਾਣ ਪੀਣ ਲਈ ਦਸਾਂ ਦਾ ਨੋਟ ਵੱਖਰਾ ਦਿੱਤਾ ਸੀ। ਤੇ ਅੱਡੇ ਨੂੰ ਉਹਦੇ ਨਾਲ ਜਾਂਦਿਆਂ ਭਾਈ ਮਿਲਖੇ ਨੇ ਉਹਦੀ ਚਮਕਦੀ ਜਾਂਦੀ ਕਿਸਮਤ 'ਤੇ ਰਸ਼ਕ ਕੀਤਾ ਸੀ। ਉਹਨੂੰ 'ਪਚਾ ਕੇ' ਖਾਣ ਦੀ ਹਦਾਇਤ ਦਿੰਦਿਆਂ ਭਾਬੀ ਨਾਲ ਹੋਰ ਨੇੜਤਾ ਵਧਾਉਣ ਲਈ ਪ੍ਰੇਰਿਆ ਸੀ।

## ਤਿੰਨ ਗਜ਼ਲਾਂ

### ਪ੍ਰੀਤਮ ਸਿੰਘ ਰਾਹੀ

**1**

ਲੀਹ ਆਪਣੀ ਤੋਂ ਸੀ ਜਿਹੜੇ ਲਹਿ ਗਏ।
ਔਕੜਾਂ ਵਿੱਚ ਭਟਕ ਕੇ ਉਹ ਰਹਿ ਗਏ।
ਲੈ ਹੀ ਆਏ ਚੀਰ ਕੇ ਦੁੱਧ ਦੀ ਨਦੀ,
ਪਰਬਤਾਂ ਦੇ ਨਾਲ ਜਿਹੜੇ ਖਹਿ ਗਏ।
ਜ਼ਿੰਦਗੀ ਲਈ ਕੀ ਨਵਾਂ ਉਹ ਕਰਨਗੇ,
ਘੁਲਣ ਤੋਂ ਪਹਿਲਾਂ ਹੀ ਜਿਹੜੇ ਢਹਿ ਗਏ।
ਲੰਘ ਗਏ ਔਕੜ ਨੂੰ ਪੈਰੀਂ ਮਿੱਧਕੇ,
ਬਣਕੇ ਦਰਿਆ ਸੀ ਜਿਹੜੇ ਵਹਿ ਗਏ।
ਜਾਬਰਾਂ ਨੇ ਤਾਣ ਆਪਣਾ ਲਾ ਲਿਆ,
ਸਹਿਣ ਵਾਲੇ ਸਭ ਤਸੀਹੇ ਸਹਿ ਗਏ।
ਰੋ ਪਈਆਂ ਸ਼ਾਖਾਂ ਟੁੱਟਦੇ ਸਾਰ ਹੀ,
ਜਾਣ ਲੱਗੇ ਪਤੇ ਭਲਾ ਕੀ ਕਹਿ ਗਏ।

**2**

ਬਾਹਰੋਂ ਚੁਪੱਟ ਅੰਦਰੋਂ ਢੋਇਆ ਹੈ ਆਦਮੀ।
ਇੱਕ ਵੱਖਰੇ ਅੰਦਾਜ਼ ਵਿੱਚ ਮੋਇਆ ਹੈ ਆਦਮੀ।
ਅਰਮਾਨਾਂ ਦੀ ਕਤਲਗਾਹ ਦੀ ਪ੍ਰਥਾ ਅਜੀਬ ਹੈ,
ਖ਼ੁਦ ਅਪਣੀ ਕਬਰ ਤੇ ਬੈਠ ਕੇ ਰੋਇਆ ਹੈ ਆਦਮੀ।
ਹੋਰਾਂ ਲਈ ਦਿਨ ਸਮੇਂ ਜੋ ਸੁੱਖਾਂ ਸੀ ਮੰਗਦਾ,
ਰਾਤਾਂ ਨੂੰ ਫੁਟਪਾਥ ਤੇ ਸੌਇਆ ਹੈ ਆਦਮੀ।
ਸਾਰੇ ਅਮਲ ਹੀ ਏਸਦੇ ਪਸ਼ੂਆਂ ਦੇ ਵਾਂਗ ਨੇ,
ਵੇਖਣ ਨੂੰ ਅਕਲੋਂ ਸ਼ਕਲੋਂ ਗੋਇਆ ਹੈ ਆਦਮੀ।
ਕੱਲ ਭਾਲਦਾ ਸੀ ਜਿਹੜਾ ਬਾਹਰ ਦੇ ਸੱਚ ਨੂੰ,
ਅੱਜ ਅਪਣੀ ਤਲਾਸ਼ ਅੰਦਰ ਖੋਇਆ ਹੈ ਆਦਮੀ।
ਸੁਰਗਾਂ ਦੇ ਬੰਧਨ ਤੋੜਕੇ ਧਰਤੀ ਤੇ ਆ ਗਿਆ,
ਐਸਾ ਵੀ ਇਕ ਕਮਾਲ ਦਾ ਹੋਇਆ ਹੈ ਆਦਮੀ।
ਸੀਨੇ ਦੇ ਅੰਦਰ ਅੱਚਵੀ ਪੈਰਾਂ 'ਚ ਸੇਕ ਹੈ,
ਕਾਦਰ ਨੇ ਕਿਸ ਮਿੱਟੀ 'ਚ ਗੋਇਆ ਹੈ ਆਦਮੀ।

**3**

ਰੁੱਤ ਬਦਲੀ ਪੱਤ ਝੜ ਗਏ ਨਾਖ ਦੇ।
ਬਣ ਨੇ ਭੁਕੜੀ ਮਾਖਿਉਂ ਬਣੇ ਫਲ ਦਾਖ ਦੇ।
ਜ਼ਿੰਦਗੀ ਦੇ ਹੱਥ ਵਿੱਚ ਕਠਪੁਤਲੀ ਬਣੇ।
ਰਹਿ ਗਏ ਤਾਕਤ ਨੂੰ ਜਿਹੜੇ ਗਾਖ਼ ਦੇ,
ਦੂਰ ਤੋਂ ਸੀ ਚੰਨ ਵਾਂਗੂੰ ਲਿਸ਼ਕਦੇ।
ਕੋਲ ਪੁੱਜਿਆਂ ਢੇਰ ਨਿਕਲੇ ਰਾਖ ਦੇ
ਇੰਜ ਹੀ ਨਿਭ ਜਾਣੀ ਸੀ ਲੱਗੀ ਦੋਸਤੀ
ਗੱਲ ਦਿਲ ਦੀ ਜੇ ਨਾ ਉਸਨੂੰ ਆਖ ਦੇ।
ਆਪਣੀ ਹੋਣੀ ਦੇ ਬਾਰੇ ਚੁੱਪ ਰਹੇ,
ਦੂਜਿਆਂ ਦੀ ਕਿਸਮਤ ਰਹੇ ਜੋ ਭਾਖਦੇ।
ਲਿਖ ਗਏ ਨਵਿਆਂ ਦੇ ਨਾਂ ਤੇ ਜ਼ਿੰਦਗੀ—
ਝੜ ਗਏ ਪੱਤੇ ਸੀ ਜਿਹੜੇ ਸ਼ਾਖ ਦੇ।

ਬਰਨਾਲਾ (ਪੰਜਾਬ)

ਫੋਜੂ ਨੂੰ ਜਿਵੇਂ ਖੰਭ ਲੱਗ ਗਏ ਸਨ। ਉਹ 'ਉੜੇ ਉੜੇ' ਕਹਦਾ ਫਿਰਦਾ। ਹਲ ਵਾਹ ਕੇ, ਆਕੇ ਉਹ ਕਈ ਵਾਰ ਗੁਰਦੁਆਰੇ ਦੀ ਖੂਹੀ 'ਤੇ ਸਾਬਣ ਲੈ ਜਾ ਕੇ ਨਹਾਉਂਦਾ, ਤੇਲ ਲਾਉਂਦਾ ਤੇ ਸੁਥਰੇ ਕੱਪੜੇ ਪਾਕੇ ਘੜੀ ਦੀ ਘੜੀ ਤਖ਼ਤਪੋਸ਼ 'ਤੇ ਬਹਿਕੇ ਲੋਕਾਂ ਦੀਆਂ ਅਲੂਣੀਆਂ ਸਲੂਣੀਆਂ ਸੁਣਦਾ। ਸਵਾਦ ਲੈਂਦਾ। ਕਿਉਂਕਿ ਲੋਕਾਂ ਨੇ ਕਲਪਨਾ ਹੀ ਕਲਪਨਾ ਵਿਚ 'ਦਿਉਰ-ਭਾਬੀ' ਦੇ ਸੰਬੰਧ ਕੁਝ 'ਜ਼ਿਆਦਾ ਦੂਰ' ਤੱਕ ਜੋੜ ਲਏ ਸਨ। ਉਹਨਾਂ ਦੀ ਕਲਪਨਾ ਸ਼ਾਇਦ ਫੋਜੂ ਦੀ ਕਲਪਨਾ ਦੇ ਮੇਚ ਸੀ। ਇਸ ਲਈ ਉਹ ਉਹਨਾਂ ਦੀਆਂ ਗੱਲਾਂ ਸੁਣਕੇ ਹੱਸਦਾ ਰਹਿੰਦਾ ਤੇ ਕੋਈ ਵਿਰੋਧ ਨਾ ਕਰਦਾ। ਸ਼ਾਹਣੀ ਵੀ ਆਖਦੀ, "ਏਹਨੂੰ ਹੁਣ ਕੀ ਲੋੜ ਆ ਸਾਡੀ ਗਰੀਬਾਂ ਦੀ..." ਉਹਦੇ ਚਿਹਰੇ 'ਤੇ ਬਨਾਉਟੀ ਉਦਾਸੀ ਫੈਲ ਜਾਂਦੀ।

ਬੱਚਾ ਹੋਇਆ। ਮੁੰਡਾ ਜੰਮਣ ਦੀ ਖੁਸ਼ੀ ਵਿਚ ਸ਼ਰੀਕੇ ਵਿਚ ਭਾਜੀ ਵੰਡੀ ਗਈ। ਖ਼ੁਸ਼ੀਆਂ ਮਨਾਈਆਂ ਗਈਆਂ। ਬੁੱਢੜੀ ਖੁਸ਼ੀ ਵਿਚ ਫੁੱਲੀ ਨਾ ਸਮਾਉਂਦੀ ਤੇ ਛੋਟੇ ਦਰਸ਼ੂ ਨੂੰ ਕੁੱਛੜ ਲੈਕੇ ਬੈਠੀ ਰਹਿੰਦੀ। ਉਹਨੂੰ ਚੋਪਦੀ ਰਹਿੰਦੀ, ਅਸੀਸਾਂ ਦਿੰਦੀ ਰਹਿੰਦੀ।

ਡੇਢ ਕੁ ਸਾਲ ਬਾਦ ਜਦੋਂ ਪ੍ਰੀਤਮ ਸਿੰਘ ਆਇਆ ਤਾਂ ਉਸ ਆਪ ਆਪਣੀ ਦੇਖ ਰੇਖ ਵਿਚ ਆਪਣੇ ਖੇਤਾਂ 'ਚ ਖੂਹ ਲੁਆਇਆ। ਗੁਰੋ ਵੀ ਬੱਚੇ ਨੂੰ ਚੁੱਕੀ ਖੇਤਾਂ ਵਿਚ ਗਈ। ਪਹਿਲੇ ਦਿਨ ਲੱਡੂ ਵੰਡ ਕੇ ਜਦੋਂ ਖੂਹ ਜੁੱਤਾ ਤਾਂ ਭਲਾਰ 'ਚੋਂ ਡਿੱਗਦੇ ਚਾਂਦੀ ਵਰਗੇ ਪਾਣੀ ਨੂੰ ਵੇਖਕੇ ਪ੍ਰੀਤਮ ਸਿੰਘ ਨੇ ਛੋਟੇ ਦਰਸ਼ਨ ਨੂੰ ਉਹਦੀ ਮਾਂ ਦੀਆਂ ਬਾਹਵਾਂ 'ਚੋਂ ਚੁੱਕ ਲਿਆ।

"ਲੈ ਓ ਪੁੱਤਰਾ! ਸਾਡੇ ਪਿਉ ਤੋਂ ਤਾਂ ਸਾਡੇ ਲਈ ਨਹੀਂ ਲੱਗਾ, ਅਸੀਂ ਤੇਰੇ ਲਈ ਖੂਹ ਲੁਆ ਦਿੱਤਾ ਈ..." ਫਿਰ ਉਸ ਲੰਮਾ ਡੂੰਘਾ ਸਾਹ ਭਰਿਆ। ਪਤਾ ਨਹੀਂ ਹਉਕੇ ਵਰਗਾ, ਪਤਾ ਨਹੀਂ ਤਸੱਲੀ ਵਰਗਾ। ਫਿਰ ਉਸਨੇ ਮੁੰਡਾ ਫੋਜੂ ਦੀਆਂ ਬਾਹਵਾਂ ਵੱਲ ਉਲਾਰ ਦਿੱਤਾ, "ਲੈ ਭਈ ਫੌਜਿਆ! ਹੁਣ ਤੁਸੀਂ ਰਲਕੇ ਚਾਚਾ ਭਤੀਜਾ ਕਰੋ ਕੰਮ...ਅਜੇ ਮੈਥੋਂ ਇਹਨਾਂ ਨੂੰ ਖੜਿਆ ਨਹੀਂ ਜਾਣਾ। ਮੈਂ ਉਥੋਂ ਵਲੈਤ ਜਾਣ ਦਾ ਪ੍ਰੋਗਰਾਮ ਬਣਾਈ ਬੈਠਾਂ... ਉਧਰ ਜਾਕੇ ਹੀ ਹੁਣ ਤਾਂ ਇਹਨਾਂ ਨੂੰ ਸੱਦਾਂ ਗਾ..."

ਪ੍ਰੀਤਮ ਸਿੰਘ ਚਲਾ ਗਿਆ। ਫੌਜਾ ਸਿੰਘ ਵਾਹੀ ਵਿਚ ਖੁਭ ਗਿਆ। ਪਾਣੀ ਦੀ ਘਾਟ ਸੀ, ਉਹ ਹੁਣ ਬਹੁਤ ਹੱਦ ਤੱਕ ਪੂਰੀ ਹੋ ਗਈ ਸੀ। ਉਹਦਾ ਮਨ ਹੁਣ ਪੂਰੀ ਤਰ੍ਹਾਂ ਜ਼ਿੰਦਗੀ ਨਾਲ ਇਕ ਸੁਰ ਹੋਇਆ ਪਿਆ ਸੀ। ਕੰਮ ਧੰਦੇ ਤੋਂ ਵਿਹਲਾ ਹੋ ਕੇ ਉਹ ਦਰਸ਼ੂ ਨੂੰ ਕੁੱਛੜ ਚੁੱਕ ਕੇ ਕਦੀ ਸ਼ਾਹਣੀ ਦੀ ਹੱਟੀ ਤੇ ਕਦੇ ਤਖ਼ਤਪੋਸ਼ 'ਤੇ ਜਾ ਬੈਠਦਾ। ਹੁਣ ਹਾਰੀ ਸਾਹੀ ਉਸਨੂੰ ਟਿੱਚਰਾ ਨਹੀਂ ਸੀ ਕਰਦਾ। ਉਹਦਾ ਸੁਭਾਅ ਪਹਿਲਾਂ ਨਾਲੋਂ ਟਿਕਾਉ ਵਾਲਾ ਹੋ ਰਿਹਾ ਸੀ। ਸਿਰਫ਼ ਉਹਦੇ ਯਾਰ ਬੇਲੀ ਉਸਨੂੰ ਛੇੜਦੇ, "ਭਾਬੀ ਨੂੰ ਆਖ ਤੇਰੇ ਲਈ ਵੀ ਲਿਆ ਦੇਵੇ ਕੋਈ ਟੁੱਟੀ ਭੱਜੀ ਜਿਹੀ ਜਨਾਨੀ...ਏਨਾ ਵੀ ਨਹੀਂ ਕਰਦੀ..."

"ਏਨਾ ਕਰਨ ਦੀ ਉਹਨੂੰ ਕੀ ਲੋੜ ਆ...ਤੇ ਇਹਨੂੰ ਵੀ ਕੀ...ਭਾਊ। ਜਦੋਂ ਦੋਹਾਂ ਦਾ ਸਰਦਾ ਜਾਂਦੈ..." ਕੋਈ ਹੋਰ ਆਖਦਾ।

"ਸ਼ਰਮ ਕਰ ਓ ਕੁਝ...ਸ਼ਰਮ ਕਰ..." ਫੋਜਾ ਟੋਕਦਾ।

"ਏਸ ਕੰਮ 'ਚ ਭਰਾਵਾ ਸ਼ਰਮ ਕਾਹਦੀ!...ਐਤਕੀਂ ਜਿਹੜਾ ਹੋਣ ਵਾਲਾ ਉਹ ਕੀਹਦਾ ਉਏ?"

"ਧਰਮ ਨਾਲ ਨਹੀਂ . ਸਹੁੰ ਪਿਉ ਦੀ ਮੇਰਾ ਨਹੀਂ..." ਫੋਜੂ ਹੱਸੀ ਜਾਂਦਾ ਤੇ ਉਂਗਲਾਂ ਤੇ ਮਹੀਨੇ ਗਿਣਨ ਲੱਗ ਜਾਂਦਾ, ਵੇਖ ਲਾ ਉਹਨੀਂ ਦਿਨੀਂ ਪ੍ਰੀਤਮ ਸੁੰਹ ਏਥੇ ਸੀ...ਉਹਨੀਂ ਦਿਨੀਂ..."

"ਉਹਨੀਂ ਦਿਨੀਂ ਨਾ ਸਹੀ ..ਇਹਨੀਂ ਦਿਨੀਂ ਤਾਂ ਫਿਰ ਠੀਕ ਠਾਕ ਐ ਨਾ?"

ਢਾਣੀ ਵਿਚ ਹਾਸੜ ਮੱਚ ਜਾਂਦੀ।

ਇੰਜ ਹੱਸਦਿਆਂ ਖੇਡਦਿਆਂ ਦਿਨ ਗੁਜ਼ਰ ਰਹੇ ਸਨ। ਗੁਰੋ ਦੇ ਦੂਜਾ ਮੁੰਡਾ ਵੀ ਜੰਮ ਪਿਆ ਸੀ। ਪ੍ਰੀਤਮ ਸਿੰਘ ਸਿੰਘਾਪੁਰੋਂ ਵਲੈਤ ਚਲਾ ਗਿਆ ਸੀ। ਅਜੇ ਪਰਿਵਾਰ ਨੂੰ ਉਥੇ ਬੁਲਾਉਣ ਦਾ ਕੋਈ ਬੰਦੋਬਸਤ ਨਹੀਂ ਸੀ। ਇਸ ਲਈ ਉਸ ਗੁਰੋ ਨੂੰ ਲਿਖਿਆ ਸੀ ਕਿ ਉਹ ਹੁਣ ਪੇਕੀਂ ਨਾ ਜਾਵੇ ਤੇ ਪਿੰਡ ਹੀ ਰਹੇ ਤੇ ਵਾਹੀ ਵਿਚ ਆਪ ਵੀ ਧਿਆਨ ਦੇਵੇ। ਉਹਨਾਂ ਦੇ ਪੁੱਤਰ ਹੋ ਗਏ ਸਨ। ਉਹਨਾਂ ਲਈ ਉਹਨਾ ਦੇ ਜੱਦੀ ਪਿੰਡ ਵਿਚ ਉਹਨਾਂ ਦੀ ਜਾਇਦਾਦ ਹੋਣੀ ਲਾਜ਼ਮੀ ਸੀ। ਦੇਸ਼ਾਂ ਬਦੇਸ਼ਾਂ ਵਿਚ ਸਭ ਪੈਸੇ ਦੀਆਂ ਬਰਕਤਾਂ

## ਗਜ਼ਲ

—ਸੁਰਜੀਤ ਧਗਾੜ

ਘਰ ਘਰ ਮਚਾਈ ਕਾਵਾਂ ਰੌਲੀ ਕਾਵਾਂ ਨੇ।
ਖੇਤ ਉਜਾੜੇ ਆਦਮ-ਖੋਰੀਆਂ ਗਾਵਾਂ ਨੇ ॥
ਹਰ ਥਾਂ ਨੱਚੇ ਕਾਲਾ ਭੈੜਾ ਤਾਂਡਵ ਨਾਚ
ਧੁੰਦਲਾਂ ਵਿਚ ਲਪੇਟੇ ਧੁੱਪ ਸਾਵਾਂ ਨੇ।
ਕੁੱਤਿਆਂ ਵਾਂਗੂੰ ਧਰੇ ਸਾਰੇ ਧੁਤੜਾਂ ਨੇ
ਭਲਾ ਧਵੇ ਨੂੰ ਕਾਹਦੀਆਂ ਇਹ ਸਜਾਵਾਂ ਨੇ।
ਲਟਕਾਏ ਸਨ ਜਿਥੇ ਸਾਡੇ ਸਾਥੀ ਪੁੱਠੇ
ਜ਼ਬਰ ਦੀ ਕਹੀ ਜ਼ਾਹਰੀ ਉਨ੍ਹਾਂ ਥਾਵਾਂ ਨੇ।
ਜਗ੍ਹਾ ਜਗ੍ਹਾ ਤੋਂ ਆ ਰਹੀ ਆਦਮ ਬੋ
ਗਏ ਮਹੌਲ 'ਚ ਕੀ ਵਿਕਸਣਾ ਰਾਵਾਂ ਨੇ।
ਖੋਹ ਦਾ ਮਹੀਨਾ ਹੋਰ ਗੂੜ੍ਹਾ ਹੁੰਦਾ ਜਾਂਦਾ ਹੈ
ਧਾਰ ਅਉਹ ਨਾ ਦੇਣੀ ਸੀਤ-ਹਵਾਵਾਂ ਨੇ।
ਭੈਣ ਦਾ ਕੀ ਭਰੋਸਾ ਧਰ ਕੇ ਰਹਿਣਾ ਲੋਕਾਂ ਦੇ
ਆਵਾਂ ਨਾਲ ਹੀ ਕਦੀਆਂ ਹੁਦੀਆਂ ਛਾਵਾਂ ਨੇ।
ਇਕੋ ਇਕ ਹੈ ਕ੍ਰਾਂਤੀ ਰਾਹ ਆਜ਼ਾਦੀ ਦਾ
ਇਹ ਰਾਹ ਦੱਸਿਆ ਸ਼ਹੀਦ ਭਰਾਵਾਂ ਨੇ।

## ਮੱਘਦੀ ਅੱਗ

ਦਲਬੀਰ ਚੇਤਨ

ਮੈਂ ਸੁਹਾਗਣ ਵੀ ਨਾਂ ਰਹੀ,
ਤੇ ਸਤੀ ਵੀ ਨਾ ਹੋਈ।
ਸਿਵਿਆਂ ਦੀ ਅੱਗ ਬੁੱਝ ਚੁੱਕੀ ਹੈ,
ਮੇਰੀ ਅੱਗ ਉਤੇਜਤ ਹੋਈ।
ਜੋ ਲੋਕਾਂ ਇਸ ਅੱਗ ਦਾ ਗਾਈ,
ਖਿੰਡਦੀ ਗੀਤਾਂ ਦੀ ਖੁਸ਼ਬੋਈ।
ਲੋਕਾ! ਇਹ ਕੀ ਕਹਿਰ ਕਮਾਇਆ,
ਕਿਉਂ ਲੀਕਾਂ ਦੇ ਸੰਗਲ ਦਾ ਘੇਰਾ
ਮੇਰੀ ਅੱਗ ਦੇ ਚੌਗੀਂ ਪਾਇਆ?
ਤੇਰੀ ਰਜ਼ਾ ਕਿ ਤੇਰੇ ਵਿਹੜੇ
ਇੰਞੇ ਸਾਰੀ ਉਮਰ ਬਿਤਾਵਾਂ?
ਮੱਘਦੀ ਅੱਗ ਤੇ ਪਾਉਣ ਲਈ ਪਾਣੀ,
ਸੰਖਾਂ ਦੇ ਘੜਿਆਲ ਵਜਾਵਾਂ।
ਪਰ ਜੇ ਕਲ ਨੂੰ, ਧੁੱਖਦੀ ਅੱਗ ਦਾ,
ਕਰ ਲਾਲਚ ਕੋਈ ਸੇਕਣ ਬਹਿ ਜੇ,
ਤਾਂ ਇਸ ਅੱਗ ਤੋਂ ਇਨਕਾਰ ਨਹੀਂ ਹੋਣਾ,
ਜਾਣਦੀ ਹਾਂ, ਤੂੰ ਛੜਵੇ ਵੇਹੇ
ਫਿਰ ਵੀ ਮਨ ਨੂੰ ਸਾਰ ਨਹੀਂ ਹੋਣਾ।

ਨੇ। ਇਸ ਲਈ ਜਿਹੜੇ ਪੈਸੇ ਉਹ ਭੇਜਦਾ ਹੈ, ਉਹ ਜਿੰਨੇ ਲੋੜ ਥਾਂ ਚਾਹੀਦੇ ਹੋਣ, ਵਰਤ ਕੇ ਬਾਕੀ ਜੋੜੇ ਜਾਣ। ਵਾਹੀ 'ਚੋਂ ਵੀ ਕੁਝ ਬਚਾਇਆ ਜਾਵੇ। ਫੌਜੂ ਵੀ ਫਜ਼ੂਲ ਖਰਚੀ ਨਾ ਕਰੇ। ਉਂਜ ਉਹ ਫੌਜੂ ਨਾਲ ਵਿਗਾੜੇ ਵੀ ਨਾ। ਕਿਉਂਕਿ ਉਹਦੀ ਕਮਾਈ ਨਾਲ ਉਹਨਾਂ ਦੇ ਪੁੱਤਰਾਂ ਦੀ ਪਿੰਡ ਵਿਚ ਜਾਇਦਾਦ ਬਣ ਰਹੀ ਸੀ।

ਕੁਝ ਹੀ ਸਾਲਾਂ ਵਿਚ ਉਹਨੇ ਹੋਰ ਜ਼ਮੀਨ ਖਰੀਦ ਲਈ। ਨਵੀਂ ਖਰੀਦੀ ਜ਼ਮੀਨ ਗੁਰੋ ਨੇ ਆਪਣੇ ਦੋਹਾਂ ਮੁੰਡਿਆਂ ਦੇ ਨਾਂ ਕਰਵਾਈ। ਦੋਵੇਂ ਮੁੰਡੇ ਹੁਣ ਪਿੰਡ ਦੇ ਸਕੂਲ ਪੜ੍ਹਨ ਜਾਂਦੇ ਦਿਸਣ। ਉਹਨਾਂ ਦੀਆਂ ਬਰਦੀਆਂ, ਉਹਨਾਂ ਦੇ ਪੈੱਨ ਪੈਨਸਲਾਂ ਦੂਜਿਆਂ ਮੁੰਡਿਆਂ ਤੋਂ ਵੱਖਰੇ ਹੁੰਦੇ। ਫੌਜੂ ਭਾਵੇਂ ਅਜੇ ਵੀ ਵਾਹੀ ਦਾ ਕੰਮ ਕਰਦਾ ਸੀ, ਪਰ ਉਸਨੂੰ ਚੁੱਕਣ ਵਾਲੇ ਕਹਿੰਦੇ ਰਹਿੰਦੇ ਸਨ, "ਕੰਜਰਾ! ਕਿਉਂ ਮਰਨ ਮਿੱਟੀ ਚੁੱਕੀ ਊ?...ਹਿੱਕ 'ਤੇ ਧਰ ਕੇ ਲੈ ਜੇਂ ਗਾ। ਕਮਾ ਕਮਾ ਕੇ ਪ੍ਰੀਤੂ ਦੇ ਟੱਬਰ ਦਾ ਢਿੱਡ ਭਰੀ ਜਾਨੈਂ...ਸੁਖ ਵੀ ਲੈ ਲਿਆ ਕਰ ਕਦੀ...!"

ਪਹਿਲਾਂ ਪਹਿਲਾਂ ਤਾਂ ਫੌਜੂ ਇਹੋ ਜਿਹੀਆਂ ਗੱਲਾਂ ਇਕ ਕੰਨੋਂ ਸੁਣਕੇ ਦੂਜੇ ਕੰਨ ਕੱਢ ਦਿੰਦਾ ਰਿਹਾ। ਪਰ ਜਦੋਂ ਨਵੀਂ ਖਰੀਦੀ ਜਾਣ ਵਾਲੀ ਜ਼ਮੀਨ ਪ੍ਰੀਤਮ ਸਿੰਘ ਦੇ ਦੋਹਾਂ ਮੁੰਡਿਆਂ ਦੇ ਨਾਂ ਹੀ ਕਰਵਾਏ ਜਾਣ ਦੀ ਚਿੱਠੀ ਵਲੈਤੋਂ ਆਈ ਤਾਂ ਉਹ ਦੋ ਤਿੰਨ ਦਿਨ ਨਾਰਾਜ਼ ਵੀ ਰਿਹਾ। ਉਸ ਰੋਟੀ ਨਾ ਖਾਧੀ ਭਾਵੇਂ ਪ੍ਰੀਤਮ ਸਿੰਘ ਦੀ ਮਦਦ ਨਾਲ ਹੀ ਉਸਦੀ ਵਾਹੀ ਤੁਰੀ ਸੀ। ਪਰ ਉਹਦੀ ਮਿਹਨਤ ਦਾ ਉਹਨੂੰ ਕੀ ਮਿਲਿਆ ਸੀ! ਉਸਦਾ ਇਤਰਾਜ਼ ਸੀ। ਉਸ ਰਾਤ ਬੈਠਕ ਵਿਚ ਰੋਟੀ ਖਾਣ ਲਈ ਮਨਾਉਣ ਆਈ ਗੁਰੋ ਨੇ ਉਹਨੂੰ ਛੇੜਿਆ ਤੇ ਫੜ ਕੇ ਹਲੂਣਿਆ, "[illegible] ਬਣ!... ਮੈਂ ਤੇਰੇ ਨਾਲ ਕੀ ਵੰਡਿਆ... ...ਤੂੰ ਦੱਸ ਕਦੀ ਪੈਸੇ ਟਕੇ ਤੋਂ ਤੈਨੂੰ ਮੋੜਿਆ?...ਜੇ ਇਹ ਆਹ ਢਿੱਡ ਵਾਲਾ ਤੇਰਾ...ਤਾਂ ਦੂਜੇ ਕਿਹੜੇ ਬਿਗਾਨੇ ਨੇ...ਜਦੋਂ ਮੈਂ ਤੂੰ ਨਹੀਂ ਤੇਰੇ ਨਾਲ ਕੋਈ ਮੇਰ ਤੇਰ ਰੱਖਦੀ...ਫਿਰ ਤੂੰ ਕਿਉਂ ਲੋਕਾਂ ਦੀ [illegible] 'ਚ ਆਉਂਦੈਂ। [illegible] ਈ ਖੁਸ਼ ਨੇ... ਉੱਠ ਰੋਟੀ ਖਾਹ...ਐਵੇਂ ਲੋਹੇ ਦਾ ਬਣ ਨਾ [illegible]...!"

ਤੇ ਫੌਜੂ ਨਿਆਣਿਆਂ ਵਾਂਗ ਉੱਠ ਕੇ ਬੈਠ ਗਿਆ ਤੇ ਰੋਟੀ ਦੀ ਥਾਲੀ ਫੜ ਲਈ। ਗੁਰੋ ਨੇ ਸਾਹਮਣੇ ਮੰਜੇ ਤੇ ਬੈਠ ਕੇ ਰੋਹਦੀਆਂ ਅੱਖਾਂ 'ਚ ਅੱਖਾਂ ਪਾ ਲਈਆਂ। ਉਹਦੇ ਕੰਨਾਂ 'ਚ ਸੋਨੇ ਦੀਆਂ ਮੋਟੀਆਂ ਵਾਲੀਆਂ ਚਮਕ ਰਹੀਆਂ ਸਨ। ਉਸ [illegible] ਦੱਬਕੇ ਵਲੈਤੋਂ ਭੇਜਿਆ ਰੇਡੀਓ ਹੋਰ ਉੱਚਾ ਕਰ ਦਿੱਤਾ।

"ਜੱਟਾ! ਤੇਰੇ ਵਾਸਤੇ ਹੁਣ ਮੈਨੂੰ ਜੁੱਤੀਆਂ ਵੀ ਖਾਣੀਆਂ ਪੈਣੀਆਂ ਨੇ...ਸ਼ਰੀਕ ਦੀਆਂ ਗੱਲਾਂ ਤਾਂ ਛੱਡ...ਜਦੋਂ ਉਹਨੂੰ ਇਸ ਗੱਲ ਦਾ ਪਤਾ ਲੱਗਾ...ਮੇਰੇ ਤਰਾਹ ਨਾ ਲਾਹ ਦੂ..!'

ਫੌਜੇ ਨੂੰ ਲੱਗਿਆ ਗੁਰੋ ਦੇ ਹੁੰਦਿਆਂ ਉਹ ਐਵੇਂ ਭਰਾ ਤੇ ਨਾਰਾਜ਼ ਹੁੰਦਾ ਫਿਰਦਾ ਹੈ! ਉਹ ਉਸ ਲਈ ਕਿੰਨੀ ਕੁਰਬਾਨੀ ਕਰ ਰਹੀ ਸੀ। ਉਸ ਕੋਲ ਖਾਣ ਖਰਚਣ ਲਈ ਵਾਧੂ ਪੈਸੇ ਰਹਿੰਦੇ ਸਨ। ਮੇਲਿਆਂ ਉੱਤੇ ਅਤੇ [illegible] ਜਾਣ ਲਈ ਉਹਦੇ ਕੋਲ ਵਧੀਆ ਕੱਪੜੇ ਹੁੰਦੇ। ਗੁਰੋ ਦੇ ਆਖੇ ਨਾਲ ਤਾਂ ਉਹ ਪਹਿਲੇ ਹੀ ਮੰਨਿਆ ਹੋ ਗਿਆ ਸੀ ਤੇ ਹੁਣ ਤਾਂ ਉਹ ਐਵੇਂ ਲੋਹੇ ਦਾ ਬਣ ਬਣਦਾ ਫਿਰਦਾ ਸੀ!

ਐਤਕੀਂ ਜਦੋਂ ਪ੍ਰੀਤਮ ਸਿੰਘ ਆਇਆ ਤਾਂ ਗੁਰੋ ਤੇ ਫੌਜੂ ਦੇ ਮਨ ਅੰਦਰ ਇਕ ਲੁਕਵਾਂ ਜਿਹਾ ਸਹਿਮ ਸੀ। ਖਬਰੇ ਉਹ ਕੀ ਆਖੇ! ਜਦੋਂ ਗੁਰੋ ਦੇ ਪੁੱਛਣ ਤੇ ਪਤਾ ਲੱਗਾ ਤਾਂ ਉਹ ਏਨਾ ਨਾਰਾਜ਼ ਵੀ ਨਾ ਹੋਇਆ। ਜਿਸ ਗੱਲ ਦੀ ਤਾਂ ਜਿਵੇਂ ਉਹਨੂੰ ਪਹਿਲਾਂ ਹੀ ਆਸ ਸੀ ਤੇ ਉਸ ਇਸ ਲਈ ਆਪਣੇ ਆਪਨੂੰ ਪਹਿਲਾਂ ਹੀ ਤਿਆਰ ਕੀਤਾ ਹੋਇਆ ਸੀ। ਨਾਲੇ ਉਹ ਜਿਹੜੇ ਮੁਲਕ ਵਿਚ ਰਹਿੰਦਾ ਸੀ, ਉਥੋਂ ਦੇ ਵਰਤੋਂ ਵਿਹਾਰ ਨੇ ਤੇ ਉਹਦੀਆਂ ਆਪਣੀਆਂ ਲੋੜਾਂ ਨੇ ਵੀ ਉਹਦੇ ਵਿਚ ਏਨੀ ਕੁ 'ਸਹਿਨਸ਼ੀਲਤਾ' ਪੈਦਾ ਕਰ ਹੀ ਦਿੱਤੀ ਸੀ ਕਿ ਇਸ ਮੱਖੀ ਨਿਗਲੀ ਜਾਣ ਵਾਲੀ ਗੱਲ ਨੂੰ ਅੱਖੀਂ ਵੇਖਕੇ ਵੀ ਉਹ ਨਜ਼ਰ-ਅੰਦਾਜ਼ ਕਰ ਦੇਵੇ ਤੇ ਚੁੱਕ ਜਾਵੇ...ਪਚਾ ਜਾਵੇ। ਉਸ ਸਗੋਂ ਫੌਜੇ ਦੀ ਵਡਿਆਈ ਹੀ ਕੀਤੀ। ਪਿੰਡ ਵਿਚ ਬਿਜਲੀ ਆ ਜਾਣ 'ਤੇ ਉਹਨਾਂ ਦਾ ਪਿੰਡ ਵਿਚੋਂ ਪਹਿਲਾ ਬਿਜਲੀ ਦਾ ਟਿਊਬਵੈੱਲ ਲੱਗਾ। ਉਸ ਫੌਜੇ ਨੂੰ ਇਕ ਬੰਦਾ ਹੋਰ ਹਿੱਸੇ ਵਾਹੀ ਦੇ ਰਹਨਾਂ ਦੀ ਕਰ ਲੈਣ ਲਈ ਆਖਿਆ।

ਇੰਜ ਸਭ ਕੁਝ ਸ਼ਾਂਤੀ-ਪੂਰਨ ਹੁੰਦਾ ਰਿਹਾ। ਪ੍ਰੀਤਮ ਸਿੰਘ ਦੂਜੇ ਚੌਥੇ ਸਾਲ ਗੇੜਾ ਮਾਰਦਾ ਰਹਿੰਦਾ। ਦੋਵੇਂ ਛੋਟੇ ਮੁੰਡੇ ਹੁਣ ਹਾਈ ਸਕੂਲ ਵਿਚ ਚਲੇ ਗਏ ਸਨ। ਤੀਜਾ ਮੁੰਡਾ ਭਜਨਾ ਵੀ ਪੰਜ ਕੁ ਸਾਲ ਦਾ ਹੋ ਗਿਆ ਸੀ। ਇਸ ਦਰਮਿਆਨ ਫੌਜੂ ਨਵੀਂ ਜਨਾਨੀ ਲਿਆ-




**SURAN ENTERPRISES LTD.**

IMPORTERS – RETAILERS

ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:

*WE CARRY THE FOLLOWING*

ਹੈਂਡ ਬੈਗਜ਼ – HAND BAGS
ਚਮੜੇ ਦੀਆਂ ਵਸਤ – LEATHER GOODS
ਚਾਂਦੀ ਤੇ ਪਿੱਤਲ ਦੀਆਂ – LUGGUGE, SILVER
ਕਲਾ-ਕਿਰਤਾਂ BRASS ARTWARE
ਲੱਕੜ ਦੀਆਂ ਕਿਰਤਾਂ – WOOD HANDICRAFT

ਭਾਰਤੀ ਗਰੋਸਰੀ – GROCERIES

Prop.: Joginder Singh Suran Res. 859-3574



ਜੋਗਿੰਦਰ ਸਿੰਘ ਸੁਰਾਂ

33765 Essendene Avenue,
Abbotsford, B.C.
853-4971


## ਪੰਜਾਬੀ ਲੇਖਕਾਂ ਨੂੰ ਬੇਨਤੀ

ਬਹੁਤ ਜਲਦੀ ਭਾਰਤ ਤੋਂ ਛਪਦੇ ਤ੍ਰੈਮਾਸਕ ਪੱਤਰ 'ਰੁਸਤਮ' ਵਲੋਂ ਕੈਨੇਡੀਅਨ ਪੰਜਾਬੀ ਲਿਖਾਰੀ ਅੰਕ ਕੱਢਿਆ ਜਾ ਰਿਹਾ ਹੈ। ਸਮੂਹ ਪੰਜਾਬੀ ਲਿਖਾਰੀਆਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਹੇਠ ਲਿਖੇ ਪਤੇ ਤੇ ਭੇਜ ਦੇਣ। ਅਤਿਅੰਤ ਧੰਨਵਾਦੀ ਹੋਵਾਂਗਾ।

ਸੁਭਚਿੰਤਕ

ਗਿੱਲ ਮਟਤਾਰ
324 LYNNVIEW WAY S.E.
CALGARY ALBERTA
T2Z 1V7

ਉਣ ਦੀਆਂ ਸਾਰੀਆਂ ਸੰਭਾਵਨਾਵਾਂ ਖੋਹ ਚੁੱਕਾ ਸੀ। ਉਸਨੂੰ ਉਸਦੀ ਲੋੜ ਵੀ ਕੋਈ ਨਹੀਂ ਸੀ। ਹਾਂ ਹੁਣ ਉਹ ਆਪ ਵੀ ਘੱਟ ਵੱਧ ਹੀ ਕੰਮ ਕਰਦਾ। ਬੈਠੇ ਹੱਥੜੇ ਵਾਹੀ ਦੀ ਦੇਖ ਰੇਖ ਕਰਦਾ ਰਹਿੰਦਾ। ਨਵੀਆਂ ਖਾਦਾਂ ਸ਼ੁਰੂ ਹੋਈਆਂ ਸਨ; ਜਿਨ੍ਹਾਂ ਦੇ ਪਾਇਆਂ ਫਸਲ ਦੂਣੀ ਚੌਣੀ ਹੁੰਦੀ ਸੀ। ਫੌਜੇ ਦੇ ਰਾਹੀਂ ਤੇ ਪ੍ਰੀਤਮ ਸਿੰਘ ਵੱਲੋਂ ਆਏ ਪੈਸਿਆਂ ਰਾਹੀਂ ਗੁਰੇ ਦੀ ਬੈਂਕ ਦੀ ਕਾਪੀ ਦੀ ਰਾਸ਼ੀ ਵਧਦੀ ਜਾਂਦੀ ਸੀ। ਤੇ ਹੁਣ ਭਜਨੇ ਦੇ ਨਾਂ ਉਤੇ ਉਹਨਾਂ ਨੇ ਤਿੰਨ ਕਿਲੇ ਕਿਸੇ ਤੋਂ ਬੈਅ ਕਰਾ ਲਏ ਸਨ। ਜਦੋਂ ਭਜਨੇ ਦੇ ਨਾਂ ਰਜਿਸਟਰੀ ਹੋਈ ਤਿੰਨ ਚਾਰ ਦਿਨ ਯਾਰਾਂ ਬੇਲੀਆਂ ਨਾਲ ਦਬਕੇ ਫੌਜੂ ਪੀਂਦਾ ਰਿਹਾ। ਕੋਈ ਆਖਦਾ, "ਲੈ ਇਹਨੂੰ ਕਾਹਦੀ ਖੁਸ਼ੀ ਭਲਾ!...ਕਿੱਡੀ ਇਹਦੇ ਆਪਣੇ ਮੁੰਡੇ ਦੇ ਨਾਂ ਪੈਲੀ ਲੱਗੀ ਹੁੰਦੀ ਹੈ!"

"ਤੇ ਇਹਦਾ ਈ ਤਾਂ ਹੈ"

"ਪਰ ਬਾਊ ਗੜਦੌਰੀ ਤੇ ਪ੍ਰੀਤਮ ਸੂੰਹ ਦੇ ਨਾਂ ਵੀ ਐ ਨਾ ਮੁੰਡੇ ਦੀ...!"

ਪਰ ਫੌਜੂ ਭਜਨੇ ਨੂੰ ਆਪਣਾ ਹੀ ਮੁੰਡਾ ਸਮਝਦਾ ਸੀ। ਉਹ ਸੋਚਦਾ ਭਜਨਾ ਉਸਦਾ ਆਪਣਾ ਪੁੱਤਰ ਹੀ ਤਾਂ ਸੀ। ਉਹਦੇ ਰਾਹੀਂ ਉਹਦਾ ਆਉਣ ਵਾਲੇ ਸੰਸਾਰ ਨਾਲ ਨਾਤਾ ਜੁੜ ਗਿਆ ਸੀ। ਉਹ ਆਪ ਜਾ ਕੇ ਭਜਨੇ ਨੂੰ ਸਕੂਲ ਦਾਖਲ ਕਰਵਾ ਕੇ ਆਇਆ। ਮਾਸਟਰ ਵੱਲੋਂ ਪਿਤਾ ਦਾ ਨਾਂ ਪੁੱਛਣ 'ਤੇ ਫੌਜੂ ਹੱਸ ਪਿਆ, "ਮੁਨਸ਼ੀ ਜੀ! ਜੋ ਮਰਜ਼ੀ ਲਿਖ ਦਿਓ...ਤੁਸੀਂ ਪੁੱਛ ਕਿਉਂ?" ਤੇ ਹੱਸਣ ਲੱਗ ਪਿਆ ਤੇ ਹੱਸਦਾ ਹੱਸਦਾ ਕਹਿਣ ਲੱਗਾ, "ਨਾ ਈ ਪੁੱਛੋ ਤਾਂ ਚੰਗਾ ਹੈ...!"

"ਚੰਗਾ ਨਹੀਂ ਪੁੱਛਦਾ।" ਮਾਸਟਰ ਵੀ ਹੱਸ ਪਿਆ।

ਪਰ ਜਦੋਂ ਉਹਦੇ ਯਾਰਾਂ ਨੇ ਇਸ ਬਾਰੇ ਪੁੱਛਿਆ ਤਾਂ ਉਸਨੇ ਕਿਹਾ, "ਕਿਸੇ ਦਾ ਨਾਂ ਹੋਇਆ। ਸਾਡੀ ਦੋਹਾਂ ਭਰਾਵਾਂ ਦੀ ਕੋਈ ਵੰਡ-ਵੰਡਾਈ ਹੈ ਈ ਨਹੀਂ ਜਦੋਂ...ਗੱਲ ਕੀ ਹੋਈ ਫਿਰ...।"

ਇਨ੍ਹਾਂ ਕੁਝ ਵਰ੍ਹਿਆਂ ਵੰਡਾਇਆਂ ਉਹਨਾਂ ਦਾ ਕੰਮ ਚੱਲਦਾ ਰਿਹਾ। ਫੌਜੂ ਦੀ ਦਾਹੜੀ ਵਿਚ ਕਾਲੇ ਘਟਦੇ ਤੇ ਚਿੱਟੇ ਵਧਦੇ ਜਾ ਰਹੇ ਸਨ। ਉਹ ਹੁਣ ਆਪ ਵਾਹੀ ਨਹੀਂ ਸੀ ਕਰਦਾ। ਲੋਕ ਵੀ ਕਹਿੰਦੇ ਸਨ; ਏਨੇ ਖਪਾ ਤੋਂ ਪਿੱਛੋਂ ਉਸਨੂੰ ਆਰਾਮ ਕਰਨਾ ਹੀ ਚਾਹੀਦਾ ਹੈ। ਉਹਦਾ ਝੁਕਾ ਆਰਾਮ ਕਰਨ ਵੱਲ ਵਧਦਾ ਜਾ ਰਿਹਾ ਸੀ। ਯਾਰ ਬੇਲੀ ਉਸ ਤੋਂ ਛਕਦੇ ਛਕਾਉਂਦੇ ਰਹਿੰਦੇ। ਉਹਨੂੰ ਸਰਦਾਰ ਫੌਜਾ ਸੂੰਹ ਆਖਕੇ ਤਿੜਾ ਛੱਡਦੇ। ਦੋਹੀਂ ਦੇਸ਼ਾਂ ਦੀ ਮਾਇਆ ਦਾ ਮਾਲਕ ਆਖਦੇ। ਇਸ ਮਾਇਆ ਵਿਚੋਂ ਉਸਨੂੰ 'ਦਸਵੰਧ' ਕੱਢਣ ਲਈ ਪ੍ਰੇਰਦੇ ਤੇ ਉਹ ਅਕਸਰ ਇਹ 'ਦਸਵੰਧ' ਕੱਢਦਾ ਹੀ ਰਹਿੰਦਾ ਸੀ। ਗੁਰੇ ਉਸਨੂੰ ਵਰਜਦੀ ਵੀ ਪਰ ਉਹ ਹੱਸਕੇ ਟਾਲ ਛੱਡਦਾ। ਪਿੰਡ ਦੇ ਕਈ ਲੋਕ ਵੀ ਗੁਰੇ ਵਾਂਗ ਸੋਚਦੇ ਸਨ। ਉਹ ਭੈਣ ਨੂੰ ਸਮਝਾਉਂਦੇ; ਜੇ ਇਸਨੂੰ ਨੱਥ ਨਾ ਪਾਈ ਤਾਂ ਇਹ ਸਭ ਕੁਝ ਛਕ ਛਕਾ ਜਾਵੇਗਾ। ਉਹਨਾਂ ਪ੍ਰੀਤਮ ਸਿੰਘ ਨੂੰ ਵੀ ਇਸ ਬਾਰੇ ਚਿੱਠੀਆਂ ਲਿਖੀਆਂ। ਉਹ ਕਹਿੰਦੇ ਸਨ, ਉਹਨਾਂ ਦੇ ਭਣੇਵਿਆਂ ਦੀ ਜਾਇਦਾਦ ਇਸ ਤਰ੍ਹਾਂ ਉਜੜਦੀ ਪਈ ਸੀ।

ਪ੍ਰੀਤਮ ਸਿੰਘ ਆਇਆ ਤਾਂ ਉਸਨੇ ਗੁਰੇ ਤੋਂ ਵੀ ਫੌਜੂ ਦੀਆਂ ਸ਼ਿਕਾਇਤਾਂ ਸੁਣੀਆਂ। ਪਰ ਉਹ ਚੁੱਪ ਰਿਹਾ। ਉਹ ਕੋਈ ਹੋਰ ਹੀ ਸਕੀਮ ਸੋਚੀ ਬੈਠਾ ਸੀ। ਉਸ ਦੱਸਿਆ, ਉਹਨੇ ਦੋਹਾਂ ਵੱਡੇ ਮੁੰਡਿਆਂ ਨੂੰ ਅਪਣੇ ਨਾਲ ਵਿਦੇਸ਼ ਲੈ ਜਾਣ ਦਾ ਪ੍ਰਬੰਧ ਮੁਕੰਮਲ ਕਰ ਲਿਆ ਸੀ। ਪਿੱਛੇ ਭਜਨਾ ਤੇ ਗੁਰੋ ਰਹਿਣਗੇ। ਅੰਗਰੇਜ਼ੀ ਸ਼ਰਾਬ ਦੀ ਬੋਤਲ ਮੇਜ਼ 'ਤੇ ਰੱਖਕੇ ਇਕ ਇਕ ਪੈੱਗ ਲੈਂਦਿਆਂ ਉਸ ਇਕ ਰਾਤ ਫੌਜੂ ਨੂੰ ਵੀ ਸਮਝਾਇਆ ਕਿ ਪਰਿਵਾਰ ਉਹਦਾ ਸੀ; ਉਹਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਸੀ। ਭਜਨੇ ਹੁਰਾਂ ਉਹਦੇ ਕੋਲ ਹੀ ਰਹਿਣਾ ਸੀ। ਇਸ ਲਈ ਜਿਹੜੀ ਜ਼ਮੀਨ ਫੌਜੂ ਦੇ ਆਪਣੇ ਨਾਂ ਸੀ, ਉਹ ਵੀ ਭਜਨੇ ਦੇ ਨਾਂ ਹੀ ਕਰਵਾ ਛੱਡੇ। ਜਦੋਂ ਘਰ ਦਾ ਸਾਰਾ ਪ੍ਰਬੰਧ ਉਹਨੇ ਚਲਾਉਣੇ ਸੀ ਤਾਂ ਇਤਨੀ ਕੁ ਗੱਲ ਨਾਲ ਕਿਹੜਾ ਫਰਕ ਪੈਣਾ ਸੀ! ਫੌਜੂ ਨੂੰ ਵੀ ਇਸਤੇ ਕੋਈ ਇਤਰਾਜ਼ ਨਹੀਂ ਸੀ ਜਾਪਦਾ। ਜ਼ਮੀਨ ਉਹਦੇ ਨਾਂ ਹੋਈ ਜਾਂ ਭਜਨੇ ਦੇ ਨਾਂ ਹੋਈ, ਇਕੋ ਹੀ ਤਾਂ ਗੱਲ ਸੀ। ਉਸ ਮਨ ਵਿਚ ਸੋਚਿਆ ਕੀ ਹੋਇਆ ਜੇ ਕਾਨੂੰਨਨ ਨਹੀਂ ਜਾਂ ਪਰ ਭਜਨਾ ਹੈ ਤਾਂ ਉਸਦਾ ਪੁੱਤਰ ਹੀ। ਉਹ ਆਪ ਤਹਿਸੀਲ ਜਾਕੇ ਆਪਣੀ ਜ਼ਮੀਨ ਦੀ ਰਜਿਸਟਰੀ ਭਜਨ ਸਿੰਘ ਵਲਦ ਪ੍ਰੀਤਮ ਸਿੰਘ ਨੇ ਨਾਂ ਕਰਵਾ ਆਇਆ। ਕੁਝ ਮਹੀਨਿਆਂ ਬਾਦ ਹੀ ਪਾਸਪੋਰਟ ਬਣ ਗਈ। ਉਹ ਤੇ ਗੁਰੋ ਦਾ ਵੱਡਾ ਭਰਾ ਦੋਵੇਂ ਵੱਡੇ ਮੁੰਡਿਆਂ ਨੂੰ ਆਪ ਦਿੱਲੀ ਜਾ ਕੇ ਹਵਾਈ ਜਹਾਜ਼ ਤੇ ਚੜ੍ਹਾ ਕੇ ਆਏ।


**Super Saver Grocery Store**
**6236 Fraser St**
**Vancouver**

**ਹਰ ਇਕ ਕਿਸਮ ਦੀ ਗਰਾਸਰੀ**

**ਜਿਵੇਂ ਕਿ:** ਵਧੀਆ ਦਾਲਾਂ, ਚਾਵਲ, ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ, ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ ਹੋਰ ਚੀਜ਼ਾਂ, ਘਟ ਕੀਮਤ ਤੇ ਲੈਣ ਲਈ ਹਮੇਸ਼ਾ ਯਾਦ ਰਖੋ

*Time:*
*9 a.m.-9 p.m.*
*Seven days*
*a week.*


PAL

**Tel.**
**Bus.324-1838,**
**Res.278-5802**



ਰਾਮ ਸਰੂਪ ਅਣਖੀ ਦਾ ਨਵਾਂ ਨਾਵਲ

ਸੁਲਗਦੀ ਰਾਤ

ਜਿਸਦਾ ਇਕ ਪਾਤਰ ਕਹਿੰਦਾ ਹੈ:–
ਫੇਰ ਕੋਈ ਭੁੱਖਾ, ਭੁੱਖਾ ਨੂੰ ਕਤਲ ਨਹੀਂ ਕਰੇਗਾ। ਕਿਸੇ ਦੀ ਕੋਈ ਜਾਇਦਾਦ ਨਹੀਂ ਹੋਵੇਗੀ। ਦੇਸ਼ ਦੀ ਸਾਰੀ ਜਾਇਦਾਦ ਲੋਕਾਂ ਦੀ ਸਾਂਝੀ ਮਲਕੀਅਤ ਬਣ ਜਾਵੇਗੀ।

ਸਫੇ – 100 ਮੁੱਲ – ਅੱਠ ਰੁਪਏ

ਆਰਸੀ ਪਬਲਿਸ਼ਰਜ਼ ਚਾਂਦਨੀ ਚੌਕ ਦਿੱਲੀ 6

ਮੁੰਡਿਆਂ ਦੇ ਤੁਰ ਜਾਣ ਪਿੱਛੋਂ ਘਰ ਵਿਚ ਕਈ ਦਿਨ ਉਦਾਸੀ ਛਾਈ ਰਹੀ। ਫੌਜੂ ਨੇ ਉਹਨਾਂ ਨੂੰ ਆਪ ਹੱਥੀਂ ਪਾਲਿਆ ਸੀ। ਉਹਨਾਂ ਨਾਲ ਉਸਦਾ ਮੋਹ ਸੀ। ਤੇ ਗੁਰੋ ਦੀਆਂ ਤਾਂ ਉਹ ਆਂਦਰਾਂ ਸਨ। ਬੁੱਢੀ ਨੇ ਉਹਨਾਂ ਨੂੰ ਮਹਿਕ ਮਹਿਕ ਕੇ ਲਿਆ ਸੀ। ਘਰ ਵਿਚੋਂ ਕੁਝ ਦਿਨਾਂ ਲਈ ਤਾਂ ਜਿਵੇਂ ਰੂਹ ਹੀ ਨਿਕਲ ਗਈ।

ਜ਼ਮੀਨ ਭਜਨੇ ਦੇ ਨਾਂ ਕਰ ਦੇਣ ਤੇ ਲੋਕਾਂ ਨੇ ਫੌਜੂ ਨੂੰ ਮੂਰਖ ਆਖਿਆ। ਪਰ ਫੌਜੂ ਦੇ ਮਨ 'ਤੇ ਇਸਦਾ ਕੋਈ ਅਸਰ ਨਹੀਂ ਸੀ ਪੈਂਦਾ। ਉਹ ਕਹਿੰਦਾ, "ਜ਼ਮੀਨ ਤਾਂ ਉਹਨਾਂ ਦੀ ਈ ਸੀ।... ਤੂੰ ਪੁੱਛ ਕਿਉਂ ? ਮੇਰੇ ਮਰਨ ਤੋਂ ਪਿਛੋਂ ਉਹਨਾਂ ਨੂੰ ਈ ਤਾਂ ਮਿਲਨੀ ਸੀ। ਹੁਣ ਨਾ ਲੁਆ ਦੀ ਤਾਂ ਕਿਹੜਾ ਫਰਕ ਪੈਂਦਾ।...ਤੇ ਲੱਗੀ ਵੀ ਤਾਂ ਮੇਰੇ ਆਪਣੇ ਪੁੱਤ ਦੇ ਨਾਂ ਈ ਐਂ...।

ਪਰ ਹੁਣ ਉਹ ਕੰਮ ਨਾਲੋਂ ਐਸ਼ ਵੱਲ ਵਧੇਰੇ ਧਿਆਨ ਦਿੰਦਾ। ਲੋਕਾਂ ਦੀਆਂ ਗੱਲ ਦਾ ਅਸਰ ਸੀ ਜਾਂ ਉਹਦੇ ਮਨ ਦੀ ਮਰਜ਼ੀ—ਉਹ ਕਹਿੰਦਾ ਸੀ ਥੋੜਾ ਚਿਰ ਮਿੱਟੀ ਨਾਲ ਮਿੱਟੀ ਹੋਕੇ ਵੇਖਿਆ। ਚਾਰ ਦਿਨ ਮੌਜ ਵੀ ਕਰਨੀ ਚਾਹੀਦਾ ਹੈ। ਗੁਰੋ ਦੇ ਸਮਝਾਉਣ 'ਤੇ ਵੀ ਉਹ ਨਾ ਸਮਝਿਆ। ਹੁਣ ਉਹ ਮਹੀਨਿਆਂ ਤੋਂ ਘਰ ਦੀ ਸ਼ਰਾਬ ਕਢਾ ਕੇ ਕਿਸੇ ਬੇਲੀ ਨਾਲ ਰਲਕੇ ਪੀ ਵੀ ਲੈਂਦਾ। ਅੱਡੇ 'ਤੇ ਜਾਂਦਾ ਤਾਂ ਉਹਦੇ ਨਾਲ ਇਕ ਦੋ ਯਾਰ ਜ਼ਰੂਰ ਹੁੰਦੇ—ਬਰਫ਼ੀ ਬਦਾਣਾ ਛਕਣ ਵਾਲੇ। ਉਹ ਉਤੋਂ ਤਾਂ ਭਾਵੇਂ ਕਹਿੰਦਾ ਸੀ; ਭਜਨਾ ਉਸਦਾ ਹੀ ਪੁੱਤਰ ਹੈ, ਪਰ ਸਮਾਜ ਵਿਚ ਇਸਦੀ ਅਪ੍ਰਵਾਨਗੀ ਉਸਨੂੰ ਦੁਖੀ ਵੀ ਕਰਦੀ। ਕਈ ਵਾਰ ਉਹਨੂੰ ਇਹ ਵੀ ਲੱਗਦਾ ਜਿਵੇਂ ਪ੍ਰੀਤਮ ਸਿੰਘ ਨੇ ਉਸ ਨਾਲ ਧੋਖਾ ਕੀਤਾ ਹੋਵੇ। ਗੁਰੋ ਦਾ ਭਰਾ ਜਦੋਂ ਆਪ ਕਦੀ ਚਾਰ ਵੱਖ ਕਮਰੇ ਵਿਚ ਉਹਦੇ ਤੋਂ ਚੋਰੀ ਕਿੰਨਾ ਚਿਰ ਗੱਲਾਂ ਕਰਦਾ ਰਹਿੰਦਾ ਤਾਂ ਉਸ ਉਤੇ ਤਾਂ ਗੁੱਸਾ ਆਉਂਦਾ ਹੀ, ਉਹਨੂੰ ਗੁਰੋ ਵੀ ਸਾਜ਼ਿਸ਼ੀ ਲੱਗਦੀ। ਲੋਕਾਂ ਦੀਆਂ ਗੱਲਾਂ ਵਿਚ ਉਸਨੂੰ ਸਚਾਈ ਨਜ਼ਰ ਆਉਂਦੀ ਲੱਗਦੀ। ਭਜਨੇ ਰਾਹੀਂ ਇਸ ਸੰਸਾਰ ਵਿਚ ਰਹਿਣੀ ਜੜ੍ਹ ਉਸਨੂੰ ਬੇਅਰਥ ਲੱਗਦੀ। ਭਜਨਾ ਤਾਂ ਪ੍ਰੀਤਮ ਸਿੰਘ ਦਾ ਹੀ ਪੁੱਤਰ ਸੀ। ਇਸ ਅਹਿਸਾਸ 'ਚੋਂ ਉਹ ਨੂੰ ਲੱਗਦਾ, ਐਵੇਂ ਖਪਾ ਕਰਨ ਦੀ ਲੋੜ ਹੈ। ਉਹਦਾ ਅੰਦਰ ਸ਼ੀਸ਼ੇ ਵਾਂਗ ਤਿੜਕਿਆ ਪਿਆ ਸੀ। ਗੁਰੋ ਉਸਨੂੰ ਸਮਝਾਉਂਦੀ, ਪਰ ਉਹ ਬਾਜ਼ ਨਾ ਆਉਂਦਾ। ਉਹ ਸੋਚਦਾ ਸਭ ਕੁਝ ਤਾਂ ਮੈਂ ਦੇ ਦਿਤਾ, ਹੁਣ ਮੈਨੂੰ ਖਾਣ ਪੀਣ ਤੋਂ ਵੀ ਕਿਉਂ ਵਰਜਦੇ ਨੇ ? ਸਾਰੀ ਉਮਰ ਮੈਂ ਥੋੜ੍ਹੀ ਕਮਾਈ ਕੀਤੀ ! ਸਾਰੀ ਉਮਰ ਮੈਂ ਇਹਨਾਂ ਦਾ ਢਿੱਡ ਭਰਿਆ। ਹੁਣ ਮੈਨੂੰ ਢਿੱਡ ਭਰਦਾ ਵੇਖ ਇਹ ਕਿਉਂ ਔਖੇ ਹੁੰਦੇ ਨੇ ? ਗੁਰੋ ਨੇ ਭਰਾਵਾਂ ਦੇ ਆਖੇ ਫੌਜੂ ਦੇ ਇਸ ਵਿਹਾਰ ਬਾਰੇ ਪ੍ਰੀਤਮ ਸਿੰਘ ਨੂੰ ਚਿੱਠੀਆਂ ਲਿਖੀਆਂ। ਪ੍ਰੀਤਮ ਸਿੰਘ ਨੇ ਵੀ ਫੌਜੂ ਨੂੰ ਲਿਖਿਆ; ਉਹ ਹਿਸਾਬ ਨਾਲ ਖਰਚ ਕਰੇ। ਉਹ ਉਸਨੂੰ ਕਿਸੇ ਗੱਲੋਂ ਵਰਜਦਾ ਨਹੀਂ; ਜਾਇਦਾਦ ਉਹਦੀ ਹੀ ਹੈ। ਕਿਸੇ ਦੇ ਨਾਂ ਹੋਵੇ; ਉਸ ਹੀ ਤਾਂ ਵਰਤਣੀ ਸੀ...ਉਹੋ ਹੀ ਤਾਂ ਬਰਤਦਾ ਰਿਹਾ ਸੀ...ਉਸ ਕਿਹਾ ਸੀ, ਜ਼ਮੀਨ ਹਿੱਸੇ ਠੇਕੇ 'ਤੇ ਦੇ ਕੇ ਉਸ ਮਾੜੀ ਕੀਤੀ ਸੀ, ਆਪ ਵਾਹੀ ਕਰਨੀ ਚਾਹੀਦੀ ਸੀ। ਤੇ ਜੇ ਉਹ ਨਹੀਂ ਕਰ ਸਕਦਾ ਤਾਂ ਪ੍ਰੀਤਮ ਸਿੰਘ ਨੇ ਲਿਖਿਆ ਸੀ, ਗੁਰੋ ਦਾ ਇਕ ਭਰਾ ਉਹਦੇ ਕੋਲ ਉਹਦੀ ਮਦਦ ਲਈ ਆ ਸਕਦਾ ਸੀ।

ਚਿੱਠੀ ਸੁਣਦਿਆਂ ਤਾਂ ਫੌਜੂ ਅੱਗ ਬਗੋਲਾ ਹੋ ਗਿਆ। ਉਹਨੂੰ ਲੋਕਾਂ ਦੀਆਂ ਗੱਲਾਂ ਸੱਚੀਆਂ ਨਜ਼ਰ ਆ ਰਹੀਆਂ ਸਨ। ਲੋਕ ਵੀ ਕਹਿੰਦੇ ਸਨ ਤੇ ਉਹ ਵੀ ਸੋਚਣ ਲੱਗ ਪਿਆ ਸੀ ਕਿ ਪ੍ਰੀਤਮ ਸਿੰਘ ਆਪਣੇ ਸਾਲਿਆਂ ਦੇ ਹੱਥ ਜ਼ਮੀਨ ਦਾ ਸਾਰਾ ਪ੍ਰਬੰਧ ਸੌਂਪਣਾ ਚਾਹੁੰਦਾ ਹੈ। ਜਦੋਂ ਇਕ ਦਿਨ ਪਰ੍ਹੇ ਵਿਚ ਕਿਸੇ ਨੇ ਉਸਤੋਂ ਇਸ ਬਾਰੇ ਪੁੱਛਿਆ ਤਾਂ ਉਹ ਇਕ ਤਰ੍ਹਾਂ ਚੀਕ ਹੀ ਪਿਆ, "ਓ ਮੈਂ ਲੱਤਾਂ ਨਾ ਛਾਂਗ ਦੂੰ...ਕੋਈ ਕੰਜਰ ਵੜਕੇ ਤੇ ਵੇਖੇ ਮੇਰੀ ਜ਼ਮੀਨ 'ਚ...ਇਹ ਕੀ ਲਗਦੇ ਨੇ ਜ਼ਮੀਨ ਦੇ..." ਉਹਦਾ ਇਸ਼ਾਰਾ ਗੁਰੋ ਦੇ ਭਰਾਵਾਂ ਵੱਲ ਸੀ, ਜਿਨ੍ਹਾਂ ਦੀ ਅੱਖ ਜ਼ਮੀਨ 'ਤੇ ਸੀ। ਜਿਹੜੇ ਗੁਰੋ ਰਾਹੀਂ ਇਸ ਘਰ ਦੇ ਮਾਲਕ ਬਣਨਾ ਚਾਹੁੰਦੇ ਸਨ। ਗੁਰੋ ਦੀ ਵੀ ਇਸ ਵਿਚ ਮਰਜ਼ੀ ਨਜ਼ਰ ਆਉਂਦੀ ਸੀ।

"ਬਹੁਤੀ ਗੱਲ ਹੋਈ ਤਾਂ ਮੈਂ ਆਪਣੀ ਅੱਧ ਦੀ ਜੈਦਾਦ ਨਾ ਵੰਡਾ ਲੂੰ...।" ਫੌਜੂ ਆਖਦਾ।

"ਆਪੇ ਹੱਥ ਵੱਢ ਕੇ ਦੇ ਬੈਠਾਂ।...ਭਾਊ। ਅੱਧ ਤੈਨੂੰ ਕੌਣ ਦਊ। ਗੁਰੋ ਗੁਰੋ ਤੇਰੇ ਕੋਲ ਹੈਗੀ...ਉਹ ਭਾਵੇਂ ਅੱਧੀ ਆਖ ਲੈ...ਭਾਵੇਂ ਸਾਰੀ ਆਖ ਲੈ...।" ਗੱਲ ਹਾਸੇ ਪੈ ਜਾਂਦੀ।

ਭਜਨਾ ਵੱਡਾ ਹੋ ਰਿਹਾ ਸੀ। ਮਨ ਵਿਚ ਪੈਦਾ ਹੋਈ ਕੁੜੱਤਣ ਮਿਠਾਸ ਵਿਚ


*PAUL'S PLUMBING*
*& ELECTRICAL SUPPLY*

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**




ਖ਼ੁਸ਼ਖ਼ਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ ਫ਼ਿਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਉਮ ਪਾਲ ਵੱਲੋਂ 32 ਐਵਨਿਊ ਲਾਗੇ 4774 ਮੇਨ ਸਟਰੀਟ ਤੇ ਸੰਡੇ ਦਿਨ ਖੁੱਲ੍ਹਾ ਰਹਿੰਦਾ ਹੈ। ਸਸਤੇ ਰੇਟਾਂ ਤੇ ਉਨ੍ਹਾਂ ਦੀ ਸੇਵਾ ਤੋਂ ਲਾਭ ਉਠਾਓ।

**ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ**
**ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫ਼ੋਨ ਕਰੋ।**
**872 3118**

**English-Punjab-Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

**FOR ALL KIND OF**
# PHOTOGRAPHY
**REMEMBER**
# SANDEEP STUDIO
**CALL**
**HARBHAJAN SINGH JHUTEE**
**435-3634**

ਬਦਲ ਜਾਂਦੀ ਜਦੋਂ ਭਜਨਾ ਬਸਤਾ ਲੈ ਕੇ ਉਹਦੇ ਸਾਹਮਣੇ ਸਾਈਕਲ 'ਤੇ ਚੜ੍ਹਕੇ ਸਕੂਲ ਨੂੰ ਜਾਂਦਾ। ਫੌਜੂ ਨੂੰ ਉਹਦੇ ਮੂੰਹ ਵਿਚੋਂ ਆਪਣਾ ਮੂੰਹ ਦਿਸਦਾ। ਉਹ ਕਿੰਨਾ ਕਿੰਨਾ ਚਿਰ ਸ਼ੀਸ਼ਾ ਲੈਕੇ ਆਪਣੇ ਨਕਸ਼ ਨਿਹਾਰਦਾ ਰਹਿੰਦਾ ਤੇ ਫਿਰ ਭਜਨੇ ਦੇ ਨਕਸ਼ਾਂ ਨਾਲ ਉਹਨਾਂ ਨੂੰ ਤੋਲਦਾ ਰਹਿੰਦਾ। ਉਹਦਾ ਜੀ ਕਰਦਾ ਭਜਨੇ ਨੂੰ ਘੁੱਟ ਕੇ ਹਿੱਕ ਨਾਲ ਲਾ ਲਵੇ।

"ਆ ਮੇਰਾ ਬੀਬਾ ਪੁੱਤ।...ਇਕ ਮਿੱਠੀ ਦੇਹ ਖਾਂ ਮੈਨੂੰ।" ਉਸ ਭਜਨੇ ਨੂੰ ਡੌਲਿਓਂ ਫੜਕੇ ਨੇੜੇ ਕੀਤਾ। ਭਜਨੇ ਨੇ ਛੇਤੀ ਨਾਲ ਦੋਹਾਂ ਬਾਹਵਾਂ 'ਚ ਆਪਣਾ ਮੂੰਹ ਲੁਕਾ ਲਿਆ।

"ਉਂਅ...ਉਂਅ...ਚਾਚਾ!...ਮੈਨੂੰ ਨਾ ਛੇੜ...।" ਕਹਿੰਦਾ ਉਸ ਤੋਂ ਬਾਂਹ ਛੁਡਾ ਕੇ ਭੱਜ ਗਿਆ। ਉਹ ਹੁਣ ਬਾਰਾਂ ਤੇਰਾਂ ਸਾਲ ਦਾ ਹੋ ਗਿਆ ਸੀ। ਉਸਨੂੰ ਸੰਗ ਆਉਂਦੀ ਸੀ। ਉਂਜ ਵੀ ਉਹਦੀ ਮਾਂ ਤੇ ਫੌਜੂ ਦੇ ਸੰਬੰਧਾਂ ਦੀ ਗੱਲ ਕਰਕੇ ਮੁੰਡੇ ਉਹਨੂੰ ਛੇੜਦੇ ਰਹਿੰਦੇ ਸਨ। ਭੱਜੇ ਜਾਂਦੇ ਭਜਨੇ ਦੀ ਪਿੱਠ ਵੇਖਦਿਆਂ ਫੌਜੂ ਉਸਨੂੰ ਖ਼ਿਆਲ ਆਇਆ, ਉਹ ਤਾਂ ਐਵੇਂ ਬਿਗਾਨੇ ਪਰਾਂ 'ਤੇ ਉੱਡਦਾ ਫਿਰਦਾ ਹੈ। ਭਜਨਾ ਉਸਨੂੰ ਕਿਹੜਾ ਆਪਣਾ ਬਾਪ ਸਮਝਦਾ ਹੈ। ਭਜਨੇ 'ਤੇ ਉਹਦਾ ਕਾਹਦਾ ਮਾਣ ਹੈ! ਉਹਦੇ ਅੰਦਰ ਡੂੰਘੀ ਉਦਾਸੀ ਪਸਰ ਗਈ। ਉਸਨੂੰ ਖਿਆਲ ਆਇਆ, ਉਸਦਾ ਇਸ ਸੰਸਾਰ ਵਿਚ ਕੀ ਸੀ। ਗੁਰੋ ਵੀ ਹੁਣ ਨਾਰਾਜ਼ ਰਹਿੰਦੀ ਸੀ। ਜ਼ਮੀਨ ਉਹ ਹੱਥੀਂ ਦਿਖਾ ਕੇ ਚੁੱਕਾ ਸੀ। ਉਸਨੂੰ ਸਾਰੇ ਰਿਸ਼ਤੇ ਮਸਨੂਈ ਜਿਹੇ ਲੱਗਦੇ। ਪਰ ਦੂਜੇ ਪਲ ਉਹ ਇਹ ਵਿਚਾਰ ਛਿਣਕ ਦਿੰਦਾ ਗੁਰੋ ਆਪਣੀ ਹੀ ਤਾਂ ਹੈ...ਭਜਨਾ ਆਪਣਾ ਹੀ ਤਾਂ ਹੈ...ਜ਼ਮੀਨ ਆਪਣੀ ਹੀ ਤਾਂ ਹੈ...ਤੇ ਹੱਥੋਂ ਖਿਸਕਦਾ ਜਾਂਦਾ ਰੱਸਾ ਉਹ ਘੁੱਟਕੇ ਫੜ ਲੈਂਦਾ...ਧਰਤੀ 'ਚ ਪੈਰ ਗੱਡ ਲੈਂਦਾ। ਉਹ ਸੋਚਦਾ, ਉਂਜ ਵੀ ਉਹਨਾਂ ਨਾਲ ਰਲਕੇ ਚੱਲਿਆਂ ਹੀ ਉਹਦਾ ਭਲਾ ਸੀ। ਉਹਨਾਂ ਤੋਂ ਟੁੱਟਕੇ ਉਹ ਕੰਮ ਵੀ ਕਿਹੜੇ ਸੀ? ਉਹਦਾ ਹੋਰ ਹੈ ਵੀ ਕਿਹੜਾ ਸੀ? ਤੇ ਉਹ ਗੁਰੋ ਦੀ ਨਾਰਾਜ਼ਗੀ ਮੱਠੀ ਕਰਨ ਲਈ ਉਹਨੂੰ ਵਚਨ ਦਿੰਦਾ, ਉਹ ਅੱਗੇ ਤੋਂ ਘੱਟ ਖ਼ਰਚ ਕਰਿਆ ਕਰੇਗਾ...ਘਰ ਵੱਲ ਵਧੇਰੇ ਧਿਆਨ ਦਿਆ ਕਰੇਗਾ।

ਤੇ ਜਦੋਂ ਪ੍ਰੀਤਮ ਸਿੰਘ ਦੇ ਕਹੇ 'ਤੇ ਗੁਰੋ ਦਾ ਭਰਾ ਉਹਨਾਂ ਦੇ ਪਿੰਡ ਉਹਨਾਂ ਦੀ ਜ਼ਮੀਨ 'ਤੇ ਆਪ ਵਾਹੀ ਕਰਨ ਆਇਆ ਤਾਂ ਅੰਦਰ ਬਾਹਰ ਭਾਵੇਂ ਗੁੱਸੇ ਵਿਚ ਫੌਜੂ ਉਹਨੂੰ ਗਾਲ੍ਹਾਂ ਵੀ ਕੱਢਦਾ ਰਿਹਾ ਪਰ ਉਹ ਉਹਦੀਆਂ ਲੱਤਾਂ ਨਾ ਛਾਂਗ ਸਕਿਆ। ਵਿਚੋਂ ਹੀ ਸਿਆਣੇ ਬੰਦਿਆਂ ਨੇ ਆਖਿਆ, "ਤੈਨੂੰ ਰੋਟੀ ਪਾਣੀ ਚਾਹੀਦਾ। ਆਰਾਮ ਨਾਲ ਛਕਦਾ ਰਹਿ। ਪੈਸੇ ਲੈਣ ਦੀ ਤੈਨੂੰ ਲੋੜ ਵੀ ਕੀ ਆ...ਤੇਰੇ ਹੱਥ ਵੱਸ ਵੀ ਤਾਂ ਕੁਛ ਨਹੀਂ। ਰੌਲਾ ਪਾ ਕੇ ਐਵੇਂ ਫਿੱਕਿਆਂ ਹੀ ਪੈਣੇ ਆਂ..।"

ਭਾਵੇਂ ਉਹ ਅੰਦਰੇ ਅੰਦਰ ਡਾਢਾ ਔਖਾ ਸੀ, ਘਰ ਵਿਚੋਂ ਉਹਦੀ ਸਰਦਾਰੀ ਖ਼ਤਮ ਹੋ ਰਹੀ ਸੀ, ਜ਼ਮੀਨ ਦੇ ਮਾਮਲੇ ਵਿਚ ਉਹਦੀ ਪੁੱਛ ਗਿੱਛ ਘਟ ਰਹੀ ਸੀ, ਪਰ ਫਿਰ ਵੀ ਜਿਵੇਂ ਉਸਨੇ ਆਪ ਹੀ ਆਪਣੀ ਹੋਣੀ ਨੂੰ ਪ੍ਰਵਾਨ ਕਰ ਲਿਆ। ਉਹਨੂੰ ਸੱਚੀਂ ਫਿੱਕੇ ਪੈਣ ਦੀ ਲੋੜ ਨਹੀਂ ਸੀ। ਜ਼ਮੀਨ ਬਾਰੇ ਹੁਣ ਸਾਰੇ ਮਾਮਲੇ ਗੁਰੋ 'ਤੇ ਉਹਦੇ ਭਰਾ ਦੀ ਮਰਜ਼ੀ ਨਾਲ ਤਹਿ ਹੋਣੇ ਸ਼ੁਰੂ ਹੋ ਗਏ ਸਨ। ਉਹਨੂੰ ਐਵੇਂ ਨਾ ਮਾਤਰ ਹੀ ਪੁੱਛਿਆ ਜਾਂਦਾ। ਸੰਸਾਰ ਦੀਆਂ ਸਰਗਰਮੀਆਂ ਵਿਚ ਉਹ ਜਿਵੇਂ ਇਕ ਵਾਧੂ ਜੀਵ ਵਾਂਗ ਸੀ। ਉਹਨੂੰ ਇਕ ਵਾਰ ਫੇਰ ਮਹਿਸੂਸ ਹੋਇਆ, ਜਿਵੇਂ ਜ਼ਿੰਦਗੀ ਫ਼ਜ਼ੂਲ ਜਿਹੀ ਕੋਈ ਚੀਜ਼ ਹੈ, ਜਿਹੜੀ ਉਹਨੇ ਜ਼ਿਦ ਬਦੋ ਬਦੀ ਜਿਉਣ ਲਈ ਮੜ੍ਹ ਦਿੱਤੀ ਗਈ ਹੈ। ਕਿੱਡੀ ਅਜੀਬ ਜ਼ਿੰਦਗੀ ਸੀ। ਜਿਸਦੇ ਅਰਥਾਂ ਦੀ ਉਸਨੂੰ ਸਮਝ ਨਹੀਂ ਸੀ ਪੈ ਰਹੀ। ਉਹ ਏਨੀ ਉਮਰ ਜ਼ਿੰਦਗੀ ਦੀ ਗੱਡ ਨਿਰਾਰਥਕ ਧੂੰਹਦਾ ਆਇਆ ਸੀ। ਉਹ ਕਿਉਂ ਜਿਉਂਦਾ ਆਇਆ ਸੀ? ਕਿਵੇਂ ਜਿਉਂਦਾ ਆਇਆ ਸੀ। ਤੇ ਹੁਣ ਉਹ ਨਾ ਖਾਂ ਜੀਵੇ? ਉਹਦੇ ਜਿਉਂਣ ਖੁਣੋ ਕੀ ਥੁੜਿਆ ਪਿਆ ਹੈ।


ਉਸ ਰੱਜ ਕੇ ਸ਼ਰਾਬ ਪੀਤੀ ਤੇ ਬੈਠਕ ਵਿਚ ਮੰਜੇ 'ਤੇ ਲੰਮਾ ਪੈ ਕੇ ਰੋਣਾ ਸ਼ੁਰੂ ਕਰ ਦਿਤਾ। ਉਹ ਬਾਰ ਬਾਰ ਕਹਿ ਰਿਹਾ ਸੀ, "ਮਨਾ! ਇਸ ਨਾਲੋਂ ਤਾਂ ਮਰ ਜੈਂ ਚੰਗਾ।"

"ਐਵੇਂ ਕਮਲ ਨਾ ਮਾਰ...ਤੈਨੂੰ ਕਾਹਦਾ ਘਾਟਾ...ਆਹ ਵੇਖ ਤੇਰਾ ਹੀਰੇ ਵਰਗਾ ਪੁੱਤ।...ਮੈਂ ਆਹਨੀ ਆਂ ਤੈਨੂੰ ਹੁੰਦਾ ਕੀ ਜਾਂਦਾ...ਤੂੰ ਏਨਾ ਮੋਹ-ਤੋੜ ਕਿਉਂ ਹੁੰਦਾ ਜਾਂਦਾ ਹੈਂ...।"

"ਐਵੇਂ ਪਲਾਲ ਨਾ ਕਰ...।" ਫੌਜੂ ਦੇ ਮੂੰਹੋਂ ਨਿਕਲਿਆ। "ਰਹਿਣ ਦੇ ਮੈਨੂੰ ਮੇਰੇ ਰਹਿਮ 'ਤੇ"। ਉਹ ਪਾਸਾ ਬਦਲਕੇ ਲੇਟ ਗਿਆ। ਦਿਨ ਲੰਘਦੇ ਜਾ ਰਹੇ ਸਨ। ਪਰ


**KAMLA'S JEWELLERS**

(New store)




**REPAIRS OF ORIENTAL GOLD, DIAMOND & SILVER JEWEL SPECIALISTS IN EAST INDIAN JEWELLERY CRAFTSMANSHIP AND ENGRAVING**

**R. H. PACHCHIGAR**
**J.H. PACHCHIGAR**

**RES: 879-2666**

**BUS: 872-1725**

**4412 MAIN ST. at 28th VANCOUVER, B.C.**

**OPEN: 9:00 a.m. - 7:30 p.m.**




ਖੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ 7 ਡਾਲਰ ਤੇ ਛਿਮਾਹੀ ਚੰਦਾ 4 ਡਾਲਰ ਹੈ।

ਵਤਨੋਂ ਦੂਰ ਨੂੰ ਰਚਨਾਵਾਂ, ਸੁਝਾ ਤੇ ਚੰਦਾ ਭੇਜਣ ਦਾ ਪਤਾ:

THE WATNO DUR
P.O. BOX 67881 STN. "O"
VANCOUVER, B.C. V5W 3V2

ਉਹਨੂੰ ਲੱਗਦਾ, ਜਿਵੇਂ ਹਰ ਦਿਨ ਘੋਗ-ਹੌਜ ਵਾਂਗ ਉਸਨੂੰ ਆਪਣੇ ਸੁੰਮਾਂ ਹੇਠਾਂ ਲਿਤਾੜ ਕੇ ਲੰਘਦਾ ਜਾ ਰਿਹਾ ਹੈ। ਉਹਦੇ ਪਸੇ ਭੰਨਦਾ.. ਹੱਡੀਆਂ ਤੋੜਦਾ...ਲਹੂ ਲੁਹਾਣ ਕਰਦਾ... ਭਜਨਾ ਵੀ ਉਸ ਨਾਲ ਢਿੱਡ ਸਾਂਝ ਕਰਨ ਤੋਂ ਝਿਜਕਦਾ। ਉਹ ਉਹਦੇ ਨਾਲ ਦੋ ਗੱਲਾਂ ਕਰਨ ਲਈ ਤਰਸਦਾ ਰਹਿੰਦਾ। ਜੇ ਕਿਤੇ ਮੌਕਾ ਮਿਲਦਾ ਵੀ ਤਾਂ ਭਜਨਾ ਹੌਲੀ ਜਿਹੀ ਹੁੰਗਾਰ ਭਰਕੇ ਚੁਪ ਹੋ ਜਾਂਦਾ ਜਾਂ ਖਿਸਕ ਜਾਂਦਾ। ਤੇ ਉਹ ਸੋਚਦਾ ਇਹ ਹੀ ਜ਼ਿੰਦਗੀ ਹੈ ?... ਇਹ ਕੀ ਰਿਸ਼ਤੇ ਹਨ ?...ਖੁਸ਼ਕ ਜਿਹੇ...ਭੁਰਭੁਰੇ ਜਿਹੇ...

ਤੇ ਅਜੇ ਉਸਨੂੰ ਜ਼ਿੰਦਗੀ ਦੇ ਅਰਥ ਸਮਝ ਨਹੀਂ ਸਨ ਪਏ ਕਿ ਗੁਰੋ ਤੇ ਭਜਨੇ ਦੋਹਾਂ ਨੂੰ ਪ੍ਰੀਤਮ ਸਿੰਘ ਨੇ ਉਧਰ ਬੁਲਾ ਲਿਆ ਸੀ। ਜਿਸ ਦਿਨ ਭਜਨੇ ਹੁਰਾਂ ਜਾਣਾ ਸੀ, ਉਸਨੂੰ ਅੰਮ੍ਰਿਤਸਰੋਂ ਹੀ ਵਾਪਸ ਕਰ ਦਿਤਾ ਗਿਆ। ਅੱਗੇ ਗੁਰੋ ਦਾ ਭਰਾ ਉਹਨਾਂ ਨੂੰ ਛੱਡਣ ਗਿਆ ਸੀ। ਤੁਰਦੇ ਸਮੇਂ ਗੁਰੋ ਆਪਣੇ ਕਈ ਸਾਲਾਂ ਤੋਂ ਵਿਛੜ ਗਏ ਮੁੰਡਿਆਂ ਦੇ ਮਿਲਾਪ ਦੀ ਇੱਛਾ ਪ੍ਰਗਟਾਉਂਦੀ ਖੁਸ਼ੀ ਵਿਚ ਫੁੱਲੀ ਨਹੀਂ ਸੀ ਸਮਾ ਰਹੀ। ਫੌਜੂ ਉਸ ਵਲੋਂ ਦੋ ਹਮਦਰਦੀ ਦੇ ਬੋਲ ਚਾਹੁੰਦਾ ਸੀ। ਪਰ ਉਹਨੂੰ ਤਾਂ ਜਿਵੇਂ ਬੋਲਾਂ ਦਾ ਜਿਵੇਂ ਚੇਤਾ ਹੀ ਵਿਸਰ ਗਿਆ ਸੀ। ਜਿਹੜੀ ਉਹਨੂੰ 'ਮੋਹ-ਤੋੜ' ਹੁੰਦੇ ਜਾਣ ਦੇ ਮਿਹਣੇ ਮਾਰਦੀ ਰਹਿੰਦੀ ਸੀ. ਅੱਜ ਪਤਾ ਨਹੀਂ ਕਿਉਂ ਮੋਹ ਤੋੜ ਗਈ ਸੀ।

ਘਰ ਆਇਆ ਤਾਂ ਖਾਲੀ ਘਰ ਵੇਖਕੇ ਫੌਜੂ ਦਾ ਹੁੱਭ ਭਰਿਆ ਗਿਆ। ਬੁੱਢੜੀ ਮਾਂ ਇਕ ਪਾਸੇ ਸਿਸਕੀ ਜਾ ਰਹੀ ਸੀ। ਹੱਡੀਆਂ ਦੀ ਮੁੱਠ ਮਾਂ ਦੇ ਗਲ ਲੱਗ ਕੇ ਉਹਦੀਆਂ ਧਾਹੀਂ ਹੀ ਤਾਂ ਨਿਕਲ ਗਈਆਂ, "ਮਾਂ ਮੇਰੀਏ ! ਤੂੰ ਮੈਨੂੰ ਕਾਹਦੇ ਲਈ ਜੰਮਿਆ ਸੀ।" ਤੇ ਉਹ ਕਿੰਨਾ ਚਿਰ ਰੋਂਦਾ ਰਿਹਾ। ਉਹਦੀਆਂ ਅੱਖਾਂ ਵਿਚੋਂ ਪਤਾ ਨਹੀਂ ਕਿਹੜੇ ਦਰਿਆਵਾਂ ਦੇ ਬੰਨ੍ਹ ਟੁੱਟ ਪਏ ਸਨ। ਗੁਰੋ ਨੂੰ...ਭਜਨੇ ਨੂੰ ..ਜਿੰਨ੍ਹਾਂ ਨੂੰ ਉਹ ਆਪਣਾ ਸਮਝਦਾ ਰਿਹਾ ਸੀ, ਉਹਨਾਂ 'ਤੇ ਜਿਸਦਾ ਹੱਕ ਸੀ ਉਸਨੇ ਉਹਨਾਂ ਨੂੰ ਬੁਲਾ ਲਿਆ ਸੀ, ਤੇ ਸਾਰੀ ਰਾਤ ਉਹ ਆਪਣੀ ਨਿਰਾਰਥਕ ਫਜ਼ੂਲ ਜ਼ਿੰਦਗੀ ਬਾਰੇ ਸੋਚਦਾ ਰਿਹਾ, ਜਿਸਨੂੰ ਜਿਉਣ ਦਾ ਕੋਈ ਮਕਸਦ ਉਸਨੂੰ ਨਜ਼ਰ ਨਹੀਂ ਸੀ ਆਉਂ ਰਿਹਾ ਪਿਆ। ਗੁਰੋ ਦੇ ਇਸ ਘਰ ਆਉਣ ਤੋਂ ਲੈ ਕੇ ਭਜਨੇ ਨੂੰ ਕੁੱਛੜ ਚੁੱਕਕੇ ਖਿਡਾਉਣ ਤੇ ਉਂਗਲ ਲਾ ਕੇ ਸਕੂਲ ਲੈ ਜਾਣ ਦੀਆਂ ਯਾਦਾਂ ਵਾਰੀ ਵਾਰੀ ਉਹਦਾ ਅੰਦਰ ਚਿੰਨ੍ਹ ਰਹੀਆਂ ਸਨ।

ਰੜੇ ਵਿਚ ਇਕੱਲੇ ਰੁੱਖ ਵਾਂਗ ਰਹਿ ਗਿਆ ਸੀ ਫੌਜੂ...। ਅੱਗੇ ਤਾਂ ਉਸ ਕੋਲ ਜ਼ਮੀਨ ਸੀ, ਉਦੋਂ ਤਾਂ ਉਸਦੀ ਕੋਈ ਉਮਰ ਵੀ ਸੀ। ਹੁਣ ਉਹਦਾ ਗੁਜ਼ਾਰਾ ਕਿਵੇਂ ਚਲੇਗਾ ? ਇਸ ਘਰ ਵਿਚ ਤਾਂ ਗੁਰੋ ਦੇ ਭਰਾ ਭਰਜਾਈ ਦਾ ਹੀ ਹੁਣ ਰਾਜ ਹੋਣਾ ਸੀ। ਉਹ ਤਾਂ ਉਸ ਘਰ ਵਿਚ ਪ੍ਰੋਹਣਿਆਂ ਵਰਗਾ ਸੀ। ਉਹਨਾਂ ਨੂੰ ਰੋਟੀ ਬੁਰਕੀ ਪਾਵੇ ਜਾਂ ਨਾ ? ਉਹਨੂੰ ਅੱਜ ਬਹੁਤ ਬੁਰੀ ਤਰ੍ਹਾਂ ਅਹਿਸਾਸ ਹੋਇਆ ਕਿ ਉਸ ਆਪਣੀ ਜ਼ਮੀਨ ਕਿਉਂ ਪ੍ਰੀਤਮ ਸਿੰਘ ਦੇ ਕਹੇ ਤੇ ਭਜਨੇ ਦੇ ਨਾਂ ਕਰ ਦਿਤੀ ਸੀ। ਉਹਦੀ ਪਿੰਡ ਵਿਚ ਜ਼ਮੀਨ ਨਾਲ ਤਾਂ ਉਹਦਾ ਰਿਸ਼ਤਾ ਸੀ। ਉਹਦਾ ਕਿੱਲਾ ਕਾਇਮ ਸੀ। ਹੁਣ ਤਾਂ ਉਹ ਬੁੱਢੇ ਪਾਲਤੂ ਪਸ਼ੂ ਵਾਂਗ ਸੀ, ਜਿਸਨੂੰ ਛੋਟੇ ਮਾਰਕੇ ਜਦੋਂ ਮਰਜ਼ੀ ਕੋਈ ਘਰੋਂ ਕੱਢ ਦੇਵੇ।

ਭਜਨੇ ਹੁਰਾਂ ਨੂੰ ਗਿਆਂ ਅਜੇ ਕੁਝ ਦਿਨ ਹੀ ਹੋਏ ਸਨ ਕਿ ਗੁਰੋ ਦੇ ਭਰਾ ਨੇ ਉਹਨੂੰ ਸਾਫ਼ ਕਹਿ ਦਿਤਾ ਸੀ, "ਕਮਾਈ ਕਰੇਂਗਾ ਤਾਂ ਖਾਣ ਨੂੰ ਮਿਲੂ...ਨਹੀਂ ਤਾਂ ਮੈਂ ਹਰਾਵਾ ਕੋਈ ਠੇਕਾ ਨਹੀਂ ਲਿਆ ਹੋਇਆ, ਮੈਂ ਤਾਂ ਅਗਲਿਆਂ ਨੂੰ ਜ਼ਮੀਨ ਦਾ ਹਿਸਾਬ ਕਿਤਾਬ ਪੂਰਾ ਦੇਣਾ...।"

ਫੌਜੂ ਦੀ ਮਜਬੂਰੀ ਸੀ ਤੇ ਉਹਨੂੰ ਕਾਮਿਆਂ ਵਾਂਗ ਉਹਦਾ ਕੰਮ ਕਰਨਾ ਪੈ ਰਿਹਾ ਸੀ। ਉਹ ਅੰਦਰੋਂ ਟਿਕ ਗਿਆ ਸੀ। ਧਰਤੀ ਵਿਚ ਗੱਡੇ ਉਹਦੇ ਪੈਰ ਤ੍ਰਿਪਕਦੇ ਜਾ ਰਹੇ ਸਨ। ਰੱਸਾ ਉਸਦੇ ਹੱਥਾਂ ਵਿਚੋਂ ਖਿਸਕਦਾ ਜਾ ਰਿਹਾ ਸੀ। ਉਹ ਧੂਹੀਂਦਾ ਜਾ ਰਿਹਾ ਸੀ। ਪਰ ਇਕ ਦਿਨ ਜਦੋਂ ਲੋੜ ਪੈਣ 'ਤੇ ਉਹਨੂੰ ਪੈਸੇ ਦੇਣ ਤੋਂ ਇਨਕਾਰ ਹੋਇਆ ਤਾਂ ਉਹਦੇ ਵਿਚਲਾ ਜੱਟ ਜਾਗ ਪਿਆ, "ਤੇਰੀ ਉਏ ਮੈਂ ਕੁੜੀ ਨੂੰ...ਤੂੰ ਪੁੱਛ ਕਿਉਂ ? ਜ਼ਮੀਨ ਮੇਰੀ... ਜੈਦਾਦ ਮੇਰੀ.. ਮੇਰੀ ਕਮਾਈ ਨਾਲ ਬਣੀ।...ਤੂੰ ਭਾੜੇ ਦਾ ਟੱਟੂ...ਮੈਂ ਤੈਨੂੰ ਜੁੱਤੀਆਂ ਮਾਰ ਮਾਰ ਕੱਢ ਦੂੰ ਏਥੋਂ...ਆਪਣੇ ਘਰ ਵਿਚੋਂ...।"

ਪ੍ਰੀਤਮ ਸਿੰਘ ਨੂੰ ਜਦੋਂ ਸਾਲੇ ਦੀ ਚਿੱਠੀ ਗਈ ਤਾਂ ਉਸ ਫੌਜੂ ਨੂੰ ਦੋ ਟੁੱਕ ਲਿਖਿਆ ਕਿ ਉਹ ਬੰਦਾ ਬਣ ਜਾਵੇ। ਜ਼ਮੀਨ ਵਿਚ ਉਹਦਾ ਕੋਈ ਹਿੱਸਾ ਨਹੀਂ। ਮਕਾਨਾਂ ਵਿਚ ਕੋਈ ਹਿੱਸਾ ਨਹੀਂ। ਸਭ ਕੁਝ ਲਿਖਤੀ ਤੌਰ 'ਤੇ ਉਹਨਾਂ ਦੇ ਨਾਂ ਹੈ। ਉਹ ਆਰਾਮ ਨਾਲ ਰੋਟੀ ਪਾਣੀ ਚਾਹੁੰਦਾ ਹੈ ਤਾਂ ਚੁਪ ਕਰਕੇ ਖਾਈ ਜਾਵੇ ਤੇ ਪੰਜਾਹ ਰੁਪੈ ਮਹੀਨੇ ਦੇ ਉਹ ਉਹਦੇ→ ਬਾਕੀ ਸਫ਼ਾ 23


**Giffin**
**INSURANCE**
**AGENCIES**
**#205-4381 FRASER ST.**
Tel: 874-4241

**SPECIALIST**
**GENERAL INSURANCE**
**HOME OWNER - BUSINESS**

ਘਰਾਂ ਦੀ ਇੰਸ਼ੋਰੈਂਸ ਦੇ ਰੇਟ ਬਦਲ ਗਏ ਹਨ। ਆਪਣੇ ਰੇਟ ਜਾਨਣ ਲਈ ਅੱਜ ਹੀ ਤੇਜਾ ਸਿੰਘ ਧਾਲੀਵਾਲ ਨੂੰ ਫੂਨ ਕਰੋ ਜਾਂ ਮਿਲੋ।



**24 hrs. service**
**call 522-3907**
**(Pager 307)**
**Office:**
**874-4241**
**Res 584-1596**
**T S. DHALIWAL**
**Leave your phone No.**
**12961 92A Ave - Surrey**

**SHAKTI**
**GIFT**
**6576 MAIN STREET,**
**VANCOUVER, B.C.**



**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

**Res. 327-8259 Bus. 321-6214**

*SPECIALIST IN EAST INDIAN JEWELLERY*
GIFTWARE & REPAIRS

# ਗੁਫ਼ਤਗੂ – ਮੀਸ਼ਾ, ਅਜਮੇਰ, ਅਮਰਜੀਤ, ਸਾਧੂ

**ਸਾਧੂ :** ਮੀਸ਼ਾ ਜੀ, ਤੁਸੀਂ ਆਪਣੀ ਇਸ ਫੇਰੀ ਵਿਚ ਬਾਹਰ ਰਹਿੰਦੇ ਲੋਕਾਂ ਬਾਰੇ ਨਵਾਂ ਕੀ ਸਿੱਖਿਆ ਹੈ?

**ਮੀਸ਼ਾ :** ਜੋ ਕੁੱਛ ਮੈਂ ਮਹਿਸੂਸ ਕੀਤਾ ਹੈ ਓਥੇ ਫਿਰਦਿਆਂ 'ਚ ਉਹਦਾ ਜ਼ਿਕਰ ਕਰਨਾ ਇਨਸਾਫ਼ ਵਾਲੀ ਗੱਲ ਨਹੀਂ। ਜਿੰਨਾ ਬਾਹਰ ਰਹਿੰਦੇ ਲੋਕਾਂ ਨੂੰ ਇਸ ਵੇਲੇ ਆਪਣੇ ਸਭਿਆਚਾਰ ਦਾ ਫ਼ਿਕਰ ਹੈ ਇਹਨਾ ਮੈਨੂੰ ਪਹਿਲਾਂ ਨਹੀਂ ਸੀ ਪਤਾ। ਜਿਵੇਂ ਘਰਾਂ 'ਚ ਸੰਗੀਤ, ਤੇ ਤਿਉਹਾਰਾਂ ਆਦਿ ਦੀ ਨਵੀਂ ਪੈਦਾ ਹੋਈ ਇੱਛਾ, ਰਹਿਣ ਦੀ ਪੱਧਰ ਬਾਰੇ ਵੀ ਕਾਫ਼ੀ ਕੁੱਛ ਨਵਾਂ ਸਿੱਖਿਆ ਹੈ। ਇੰਗਲੈਂਡ ਬਾਰੇ ਕਾਫ਼ੀ ਕੁੱਛ ਗ਼ਲਤ ਸੁਣਿਆ ਸੀ। ਪਰ ਉਹਨਾਂ ਦਾ ਕਾਫ਼ੀ ਸੁਹਣਾ ਰਹਿਣ ਸਹਿਣ ਹੈ।

**ਅਜਮੇਰ :** ਤੁਹਾਡਾ ਵਿਦੇਸ਼ੀ ਪੰਜਾਬੀ ਸਾਹਿਤ ਬਾਰੇ ਕੋਈ ਪ੍ਰਭਾਵ ਬਣਿਆ?

**ਮੀਸ਼ਾ :** ਇਹ ਇਕ ਨਵੀਂ ਕਿਸਮ ਦਾ ਅਨੁਭਵ ਹੈ ਜਿਹੜਾ ਬਾਹਰ ਵਸਦੇ ਲੇਖਕਾਂ ਦਾ ਹੀ ਹੋ ਸਕਦਾ ਹੈ। ਜਦੋਂ ਉਹਨੂੰ ਇਮਾਨਦਾਰੀ ਨਾਲ ਬਿਆਨ ਕੀਤਾ ਜਾਂਦਾ ਹੈ ਤਾਂ ਉਹ ਸਮੁੱਚੇ ਪੰਜਾਬੀ ਅਨੁਭਵ ਦੇ ਵਿਚ ਵਾਧਾ ਹੈ। ਸਾਹਿਤ ਤੇ ਸਭਿਆਚਾਰ ਵਿਚ ਵਾਧਾ ਹੈ।

**ਸਾਧੂ :** ਪੰਜਾਬੀ ਕਵਿਤਾ ਵਿਚ ਚੱਲੀ ਜੁਝਾਰੂ ਲਹਿਰ ਦਾ ਸਮੁੱਚੀ ਪੰਜਾਬੀ ਕਵਿਤਾ ਤੇ ਤੁਹਾਡੇ ਖ਼ਿਆਲ ਮੁਤਾਬਕ ਕੀ ਅਸਰ ਪਿਆ ਹੈ?

**ਮੀਸ਼ਾ :** ਉਹ ਕਵਿਤਾ ਬੜੀ ਹਰਮਨ ਪਿਆਰੀ ਹੋਈ ਹੈ ਡੂੰਘੀ ਸੋਚ ਵਾਲੇ ਅਤੇ ਲੋਕਾਂ ਦੇ ਦੁੱਖ ਦਰਦ ਨੂੰ ਬਿਆਨ ਕਰਨ ਵਾਲੇ ਕਵੀ ਉਭਰ ਕੇ ਸਾਹਮਣੇ ਆਏ ਹਨ। ਇਹ ਜਿਹੜਾ ਫ਼ਿਕਰ ਆਪਾਂ ਨੂੰ ਸਥਾਨ ਮਿਥਣ ਦਾ ਹੈ, ਇਸ ਬਾਰੇ ਕਾਹਲ ਨਹੀਂ ਕਰਨੀ ਚਾਹੀਦੀ

**ਅਜਮੇਰ :** ਸਥਾਨ ਤੋਂ ਤੁਹਾਡਾ ਭਾਵ ਪੰਜਾਬੀ ਸਾਹਿਤ ਦੇ ਸਮੁੱਚੇ ਪਰਸੰਗ ਵਿਚ ਹੈ?

**ਮੀਸ਼ਾ :** ਹਾਂ, ਜਿੰਨਾ ਸਾਨੂੰ ਤਜਰਬਿਉਂ ਪਤਾ ਲਗਦੈ ਉਹ ਇਹ ਆ ਕਿ ਕੋਈ ਵੀ ਨਵੀਂ ਸਮਾਜੀ ਸੋਚ, ਨਵੀਂ ਚਿੰਤਾ, ਸਾਹਿਤ ਦੇ ਵਿਚ ਨਵੀਂ ਜਾਨ ਲੈਕੇ ਆਉਂਦੀ ਹੈ। ਅਮਨ ਲਹਿਰ ਦਾ ਵੀ ਇਹੋ ਅਸਰ ਸੀ। ਅਜ਼ਾਦੀ ਦੀ ਜਦੋ-ਜਹਿਦ ਨੇ ਤਾਂ ਬਹੁਤ ਹੀ ਅਸਰ ਪਾਇਆ ਸੀ। ਪੰਜਾਬੀ ਕਵਿਤਾ ਦੇ ਸੁਭਾਅ ਵਿਚ ਤਬਦੀਲੀ, ਇਕ ਨਵੀਂ ਤਾਜ਼ਗੀ ਲਿਆਉਣ 'ਚ ਇਹਨਾਂ ਲਹਿਰਾਂ ਦਾ ਇਕ ਬੜਾ ਅਹਿਮ ਹਿੱਸਾ ਹੈ।

**ਸਾਧੂ :** ਕੀ ਤੁਸੀਂ ਇਸ ਗਲੋਂ ਸੰਤੁਸ਼ਟ ਹੋ ਕਿ ਜੋ ਕੁੱਛ ਵੀ ਕਹਿਣਾ ਚਾਹੁੰਦੇ ਹੋ ਉਹ ਕਵਿਤਾ ਰਾਹੀਂ ਕਹਿ ਰਹੇ ਹੋ?

**ਮੀਸ਼ਾ :** ਸੰਤੁਸ਼ਟ ਹੋਣਾ ਤਾਂ ਉਂਝ ਹੀ ਔਖਾ ਤੇ ਮਾੜਾ ਕੰਮ ਹੀ ਆ। ਸੰਤੁਸ਼ਟ ਹੋਣਾ ਹੀ ਨਹੀਂ ਚਾਹੀਦਾ ਜੇ ਕੋਈ ਹੋ ਜਾਏ ਤਾਂ ਉਹ ਉਥੇ ਕੰਮ ਠੱਪ ਹੋ ਜਾਂਦਾ ਹੈ। ਮੈਂ ਕੋਈ ਆਪਣੀ ਕਵਿਤਾ ਬਾਰੇ ਬਹੁਤਾ ਦਾਅਵਾ ਨਹੀਂ ਕਰਦਾ। ਮੈਂ ਤਾਂ ਇਹਨਾਂ ਨੂੰ ਆਪਣੀਆਂ ਉਹ ਗੱਲਾਂ ਸਮਝਦਾ ਹਾਂ, ਜਿਹੜੀਆਂ ਮੈਂ ਉਂਝ ਵੀ ਦੋਸਤਾਂ ਨਾਲ ਸਾਂਝੀਆਂ ਕਰਦਾ ਹਾਂ, ਕੁੱਛ ਉਹ ਜਿਹੜੀਆਂ ਸਿਰਫ਼ ਕਵਿਤਾ ਰਾਹੀਂ ਹੀ ਹੋ ਸਕਦੀਆਂ ਹਨ, ਉਹ ਕਰਦਾ ਹਾਂ। ਪਰ ਇਹਦੇ ਵਿਚ ਸੰਤੁਸ਼ਟੀ ਵਾਲੀ ਕੋਈ ਗੱਲ ਨਹੀਂ। ਮੇਰਾ ਆਪਣਾ ਇਰਾਦਾ ਕਿਸੇ ਵੇਲੇ ਹੋਰ ਸਾਹਿਤ ਰੂਪ ਖ਼ਾਸ ਕਰ ਕਾਵਿ-ਨਾਟ ਅਪਣਾਉਣ ਜਾਂ ਲੰਬੀ ਕਵਿਤਾ ਰਚਣ ਦਾ ਹੈ।

**ਸਾਧੂ :** ਤੁਹਾਡੀ ਕਵਿਤਾ 'ਚੀਕ ਬੁਲਬੁਲੀ' ਦੇ ਆਖ਼ਰੀ ਫ਼ਿਕਰੇ ਬਾਰੇ ਕੁੱਛ ਦੱਸੋ। ਤੁਹਾਡਾ ਪਾਠਕ ਜੋ ਕੁੱਛ ਕਰਦਾ ਹੈ ਜਾਂ ਨਹੀਂ ਕਰਦਾ, ਇਹਦਾ ਕਾਰਨ?

**ਮੀਸ਼ਾ :** ਉਸ ਨਸਲ ਦਾ ਪਾਠਕ, ਹਦਾ ਕੁੱਛ ਅੰਸ਼ ਮੈਂ ਆਪ ਵੀ ਹੋ ਸਕਦਾ ਹਾਂ।

ਕੁੱਝ ਹੋਰ ਵੀ ਹੋ ਸਕਦੇ ਹਨ। ਉਹ ਬੁਜ਼ਦਿਲ, ਘੁੱਟਿਆ ਵੱਟਿਆ, ਤਲਖੀਆਂ ਸਹਿੰਦਾ ਅਤੇ ਉਹਦੇ ਵਿਚ ਵਿਰੋਧ ਦੀ ਇੱਛਾ ਅੰਦਰ ਘੁੱਟੀ ਹੋਈ ਹੈ। ਉਹ ਕੋਈ ਐਧਾ ਨਹੀਂ। ਜੇ ਹੁੰਦਾ ਤਾਂ ਜੋ ਕੁੱਝ ਉਹ [illegible] ਆਪਣੀ ਆਤਮਾ ਤੇ ਝੱਲਦਾ ਵੀ ਨਾ। ਉਹਦੇ ਪ੍ਰਗਟਾ ਦਾ ਸਾਧਨ, ਉਹ ਹੀ ਹੋ ਸਕਦਾ ਜਿਹੜਾ ਕਵਿਤਾ ਦਾ ਆਖਰੀ ਸਾਧਨ ਹੈ। ਜਿਹੜੀ ਅਹਿੰਸਾ ਦੀ ਤੇ ਕੌਮੀ ਸਾਫ ਸਵੈਮਾਨ ਦੀ ਪ੍ਰਤੀਕ ਮੂਰਤੀ ਹੈ। ਉਹਦੇ ਹੱਥ ਚੋਂ ਉਹ ਸੋਟੀ ਜਿਸਨੂੰ ਉਹਨੇ ਵਿਦੇਸ਼ੀ ਰਾਜ ਵੇਲੇ ਜਦੋ-ਜਹਿਦ ਦਾ ਸਾਧਨ ਬਣਾਇਆ ਸੀ, ਉਹ ਖੋਹ ਕੇ ਆਪਣੇ ਸਿਰ 'ਚ ਮਾਰੇ ਉਹਦੇ 'ਚ ਜ਼ਿਆਦਾ ਦੁੱਖ ਹੈ, ਜ਼ਿਆਦਾ ਤ੍ਰਾਸਦੀ ਹੈ। ਜੇ ਕਿਸੇ ਹੋਰ ਦੇ ਸਿਰ 'ਚ ਮਾਰੇ ਤਾਂ ਇਹ ਇਕ ਸਸਤੀ ਜਿਹੀ ਵਾਰਦਾ ਤੇ ਸ਼ਾਇਦ ਪਾਠਕ ਦੇ ਮਨ ਨੂੰ ਚਾਅ ਜਿਹਾ ਹੋ ਜਾਵੇ, ਪਰ ਪਾਤਰ ਦੇ ਸੁਭਾਅ ਦੇ ਅਨੁਕੂਲ ਸ਼ਾਇਦ ਇਹ ਗੱਲ ਨਾ ਹੋਵੇ।

ਸਾਧੂ: ਤੁਹਾਡੀ ਕਵਿਤਾ 'ਵਿੱਥ' ਵਿਚ ਜੋ ਅਹਿਸਾਸ ਹੈ ਉਹਦੇ ਬਾਰੇ ਕੀ ਖਿਆਲ ਹੈ ਕੀ ਉਹ ਘਟੇਗੀ ਜਾਂ ਵਧੇਗੀ?

ਮੀਸ਼ਾ: ਆਉਣ ਵਾਲੇ ਵਕਤ ਬਾਰੇ ਜਾਂ ਆਪਣੀ ਸੋਚ ਬਾਰੇ ਪਹਿਲਾਂ ਹੀ ਭਵਿੱਖ ਬਾਣੀ ਕਰ ਸਕਣਾ ਤਾਂ ਮੁਸ਼ਕਲ ਹੈ। ਪਰ ਉਂਝ ਏਨੀ ਗੱਲ ਠੀਕ ਹੈ ਕਿ ਕੁੱਝ ਗੱਲਾਂ ਬਾਰੇ ਮੈਂ ਪਹਿਲਾਂ ਨਾਲੋਂ ਜ਼ਿਆਦਾ ਸਪੱਸ਼ਟ ਹਾਂ।

ਅਜਮੇਰ: 'ਵਿੱਥ' ਜਾਂ ਇਹਦੇ ਵਰਗੀਆਂ ਹੋਰ ਨਜ਼ਮਾਂ ਲਿਖਣ ਦਾ ਕੀ ਮਕਸੱਦ?

ਮੀਸ਼ਾ: ਆਪਣੇ ਮਨ ਦੀ ਭੜਾਸ ਕੱਢਣੀ ਜਾਂ ਮਨ ਨੂੰ ਔਖ ਪੈਦਾ ਕਰਨ ਵਾਲੇ ਜਜ਼ਬੇ ਤੋਂ ਬਚਣਾ, ਉਹਨੂੰ ਲਫ਼ਜ਼ਾਂ ਦੇ ਹਵਾਲੇ ਕਰਕੇ।

ਸਾਧੂ: ਤੁਹਾਡੇ ਖਿਆਲ ਵਿਚ ਸਾਹਿਤ ਤੇ ਸਿਆਸਤ ਦਾ ਕੀ ਰਿਸ਼ਤਾ ਹੈ?

ਮੀਸ਼ਾ: ਰਿਸ਼ਤਾ ਤੇ ਬੜਾ ਗੂੜ੍ਹਾ ਹੈ। ਕਈ ਵਾਰੀ ਸਿਆਸਤ ਸਾਹਿਤ ਦਾ ਘੇਰਾ ਤੰਗ ਕਰ ਦਿੰਦੀ ਹੈ। ਕਈ ਵਾਰੀ ਸਾਹਿਤ ਵੀ ਸਿਆਸਤ ਨੂੰ ਨਿਖਾਰ ਪਾ ਦਿੰਦਾ ਹੈ। ਵੈਸੇ ਹੋਣਾ ਇਹੀ ਚਾਹੀਦਾ ਹੈ ਕਿ ਸਿਆਸਤ ਸਾਹਿਤ ਨੂੰ ਬਹੁਤਾ ਆਪਣੇ ਵੱਸ ਵਿਚ ਕਰਨ ਦੀ ਕੋਸ਼ਿਸ਼ ਨਾ ਕਰੇ। ਸਿਆਸਤ ਸਾਹਿਤ ਨੂੰ ਲੋਕਾਂ ਦੀ ਨਬਜ਼ ਸਮਝਕੇ ਉਸ ਤੋਂ ਕੁੱਝ ਸਿੱਖੇ। ਪਰ ਸਾਰੇ ਸਾਹਿਤ ਬਾਰੇ ਵੀ ਇਹ ਨਹੀਂ ਕਿਹਾ ਜਾ ਸਕਦਾ। ਬੜਾ ਕੁਰਾਹੇ ਪਾਉਣ, ਵਾਲਾ, ਬੜਾ ਬਦਮਾਸ਼ੀ ਦਾ ਸਾਹਿਤ ਵੀ ਨਾਲ ਨਾਲ ਰਚਿਆ ਜਾਂਦਾ ਹੈ। ਸਾਹਿਤ ਬਿਨਾਂ ਕਿਸੇ ਠੋਸ ਟੇਕ ਦੇ ਜ਼ਿੰਦਗੀ ਨੂੰ ਬਿਆਨ ਕਰੀ ਜਾਵੇ। ਸਿਆਸਤ ਸਾਹਿਤ ਨੂੰ ਸੇਧ ਨਾ ਦੇਵੇ, ਸਗੋਂ ਆਪ ਸੇਧ ਲਵੇ। ਜੇ ਸਿਆਸਤ ਸਾਹਿਤ ਨੂੰ ਇਹ ਦੱਸਣ ਲੱਗ ਜਾਵੇ ਕਿ ਆਹ ਲਿਖਣਾ ਹੈ, ਇੰਝ ਲਿਖਣਾ ਹੈ ਜਾਂ ਇਸ ਕਿਸਮ ਦਾ ਪ੍ਰਭਾਵ ਪੈਦਾ ਕਰਨਾ ਠੀਕ ਹੈ। ਇਸ ਤਰ੍ਹਾਂ ਫੇਰ ਜ਼ਿੰਦਗੀ ਤੇ ਸਿਆਸਤ ਵੀ ਆਪੋ ਵਿਚੀਂ ਦੂਰ ਹੋ ਜਾਣਗੀਆਂ, ਸਾਹਿਤ ਤੇ ਜ਼ਿੰਦਗੀ ਵੀ ਆਪੋ ਵਿਚੀਂ ਟੁੱਟ ਜਾਣਗੀਆਂ। ਇਸ ਤਰ੍ਹਾਂ ਕਈ ਵਾਰ ਹੋਇਆ ਹੈ।

ਸਾਧੂ: ਤੁਹਾਨੂੰ ਇਨਾਮ ਮਿਲਣ ਨਾਲ ਤੁਹਾਡੀ ਸਿਆਸੀ ਵਿਚਾਰਧਾਰਾ ਜਾਂ ਸੋਚ ਵਿਚ ਕੋਈ ਤਬਦੀਲੀ ਆਈ ਹੈ?

ਮੀਸ਼ਾ: ਸੋਚ ਵਿਚ ਤਬਦੀਲੀ ਤਾਂ ਹਾਲਾਤ ਬਦਲਣ ਨਾਲ ਜਾਂ ਪੜ੍ਹਨ ਨਾਲ ਹੀ ਹੁੰਦੀ ਹੈ। ਤੁਹਾਡੀ ਕਿਸੇ ਪੁਰਾਣੀ ਲਿਖਤ ਦਾ ਕਿਸੇ ਵਲੋਂ ਹੁੰਗਾਰਾ ਮਿਲ ਜਾਣਾ ਕੋਈ ਏਡੀ ਵੱਡੀ ਗੱਲ ਨਹੀਂ ਜਿਹਦੇ ਨਾਲ ਤੁਹਾਡੀ ਸੋਚ ਬਦਲ ਜਾਵੇ। ਮੇਰੀ ਕੋਈ ਸੀਮਤ ਅਰਥਾਂ ਵਿਚ ਸਿਆਸੀ ਵਿਚਾਰਧਾਰਾ ਨਹੀਂ ਜਿਹਨੂੰ ਕਿਸੇ ਇਕ ਸਿਆਸੀ ਸਫ਼-ਬੰਦੀ ਦੀ ਵਿਚਾਰਧਾਰਾ ਕਿਹਾ ਜਾ ਸਕੇ। ਮੈਂ ਆਪਣੀ ਸੋਚ ਇਕ ਪਾਸੇ ਰੱਖ ਕੇ ਕਿਸੇ ਸਿਆਸੀ ਪਾਰਟੀ ਦੇ ਅਸਰ ਥੱਲੇ ਇੰਝ ਆ ਜਾਵਾਂ ਕਿ ਜੋ ਉਹਨਾਂ ਦਾ ਫੈਸਲਾ ਜੋ ਉਹਨਾਂ ਵਲੋਂ ਫ਼ਰਜ਼ ਦਿਖਾਇਆ ਗਿਆ ਉਹ ਹੀ ਸਿਆਸੀ ਫ਼ਰਜ਼ ਹੈ ਇਸ ਤਰ੍ਹਾਂ ਦੀ ਮੇਰੀ ਕੋਈ ਸੋਚ ਨਹੀਂ।

ਅਜਮੇਰ: ਵੈਸੇ ਤੁਸੀਂ ਇਨਾਮ ਨੂੰ ਮਹੱਤਤਾ ਕਿੰਨੀ ਕੁ ਦਿੰਦੇ ਹੋ?

ਮੀਸ਼ਾ: ਮਹੱਤਤਾ ਤਾਂ ਪੰਜ ਹਜ਼ਾਰ ਰੁਪਏ ਤੋਂ ਵੱਧ ਕੋਈ ਵੀ ਨਹੀਂ। ਲੇਖਕ ਦੀ ਅਸਲੀ ਹੌਸਲਾ ਅਫਜ਼ਾਈ ਤਾਂ ਉਹਦੇ ਪਾਠਕਾਂ ਵਲੋਂ ਹੀ ਹੁੰਦੀ ਹੈ ਤੇ ਹੋਣੀ ਚਾਹੀਦੀ ਹੈ।

ਅਮਰਜੀਤ: ਬਾਹਰ ਰਹਿੰਦੇ ਲੋਕਾਂ ਤੇ ਆਮ ਇਹ ਇਲਜ਼ਾਮ ਲੱਗਦਾ ਹੈ ਕਿ ਉਹ ਪੈਸੇ ਦੇ ਜ਼ੋਰ ਨਾਲ ਕਿਤਾਬਾਂ ਛਪਾਉਂਦੇ ਹਨ।

ਮੀਸ਼ਾ: ਇਹ ਗੱਲ ਤਾਂ ਉਥੇ ਰਹਿੰਦੇ ਲੋਕਾਂ ਬਾਰੇ ਵੀ ਸੱਚ ਹੈ। ਕਿਤਾਬ ਦੇ ਗੁਣਨਾਤਮਕ ਪੱਖ ਨਾਲ ਹੀ ਸਦਾ ਕਿਤਾਬਾਂ ਨਹੀਂ ਛਪਦੀਆਂ। ਘਟੀਆ ਕਿਤਾਬਾਂ ਉਥੇ ਰਹਿੰਦੇ

ਲੇਖਕ ਵੀ ਪੈਸੇ ਦੇ ਜ਼ੋਰ ਚੰਗੀਆਂ ਕਿਤਾਬਾਂ ਤੋਂ ਪਹਿਲਾਂ ਛਪਾ ਲੈਂਦੇ ਹਨ।

ਅਮਰਜੀਤ: ਕੀ ਉਥੇ ਇਸ ਕਿਸਮ ਦੇ ਹਾਲਾਤ ਤੇ ਕਾਬੂ ਪਾਉਣ ਲਈ ਕੁੱਝ ਉਪਰਾਲਾ ਹੋ ਰਿਹਾ ਹੈ ਕਿ ਨਹੀਂ ?

ਮੀਸ਼ਾ: ਇਸ ਦਾ ਸਭ ਤੋਂ ਵੱਡਾ ਹੱਲ ਤਾਂ ਇਹੀ ਹੈ ਕਿ ਲੋਕ ਕਿਤਾਬਾਂ ਖ਼ਰੀਦਣ ਲੱਗਣ। ਹਰ ਪਿੰਡ ਹਰ ਜਗ੍ਹਾ ਲਾਇਬ੍ਰੇਰੀਆਂ ਬਣਨ ਤਾਂ ਪ੍ਰਕਾਸ਼ਕ ਆਪ ਹੀ ਹੋਰ ਲੇਖਕਾਂ ਨੂੰ ਵੀ ਛਾਪੇਗਾ।

ਅਜਮੇਰ: ਇਸੇ ਗੱਲ ਨੂੰ ਅਗਾਂਹ ਤੋਰਦਿਆਂ ਦੋ ਕੁ ਸਾਲ ਪਹਿਲਾਂ ਅਸੀਂ ਉਥੇ ਗਿਆਂ ਮਹਿਸੂਸ ਕੀਤਾ ਕਿ ਉਥੇ ਲੇਖਕਾਂ ਵਿਚ ਬਾਹਰਲੇ ਲੇਖਕਾਂ ਵਿਰੁੱਧ ਕਾਫ਼ੀ ਜਜ਼ਬਾ ਹੈ ਕਿ ਪ੍ਰਕਾਸ਼ਕ ਪੈਸੇ ਲਈ ਬਾਹਰਲੇ ਲੇਖਕਾਂ ਨੂੰ ਛਾਪਦੇ ਹਨ ਅਤੇ ਇਸ ਨਾਲ ਬਹੁਤ ਸਾਰੇ ਚੰਗੇ ਲੇਖਕ ਛਪਣੋਂ ਰਹਿ ਜਾਂਦੇ ਹਨ। ਇਥੋਂ ਤੱਕ ਕਿ ਅੰਮ੍ਰਿਤਾ ਪ੍ਰੀਤਮ ਤੇ ਅਜੀਤ ਕੌਰ ਨੇ ਵੀ ਇਹ ਗੱਲ ਕੀਤੀ ਹੈ

ਮੀਸ਼ਾ: ਉਹਨਾਂ ਨੇ ਪਤਾ ਨਹੀਂ ਕਿਸ ਪ੍ਰਸੰਗ ਵਿਚ ਇਹ ਗੱਲ ਕਹੀ ਹੋਵੇ ਪਰ ਮੈਂ ਸਮਝਦਾ ਇੰਞ ਕਹਿਣਾ ਠੀਕ ਨਹੀਂ।

ਅਮਰਜੀਤ: ਤੁਸੀਂ ਬਾਹਰ ਰਹਿੰਦੇ ਕਿੰਨੇ ਕੁ ਪੰਜਾਬੀ ਲੇਖਕਾਂ ਨੂੰ ਪੜ੍ਹਿਆ ਹੈ ?

ਮੀਸ਼ਾ: ਜਿੰਨੀ ਕੁ ਮੇਰੀ ਪਹੁੰਚ ਹੁੰਦੀ ਹੈ ਜਾਂ ਜਦੋਂ ਕੋਈ ਕਿਤਾਬ ਮੇਰੇ ਹੱਥ ਲੱਗਦੀ ਹੈ ਮੈਂ ਪੜ੍ਹਦਾ ਹਾਂ। ਪਰ ਸਿਸਟੇਮੈਟੀਕਲੀ ਮੈਂ ਕੋਈ ਅਧਿਅਨ ਨਹੀਂ ਕੀਤਾ। ਪਰ ਮੈਂ ਸਮਝਦਾ ਹਾਂ ਕਿ ਕਰਨਾ ਚਾਹੀਦਾ ਹੈ।

ਅਜਮੇਰ: ਕੀ ਪੰਜਾਬੀ ਲੇਖਕ ਨੂੰ ਸਿੱਧਾ ਅੰਗ੍ਰੇਜ਼ੀ ਵਿਚ ਹੀ ਲਿਖਣਾ ਚਾਹੀਦਾ ਹੈ ਜਾਂ ਕਿ ਪੰਜਾਬੀ ਵਿਚ ਹੀ?

ਮੀਸ਼ਾ: ਇਹ ਤਾਂ ਲੇਖਕ ਤੇ ਉਸਦੀ ਲਿਖਤ ਤੇ ਨਿਰਭਰ ਕਰਦਾ ਹੈ ਜੇ ਕਿਸੇ ਨੂੰ ਪੰਜਾਬੀ ਤੋਂ ਅੰਗਰੇਜ਼ੀ ਵੱਧ ਆਉਂਦੀ ਹੈ ਤਾਂ ਉਹ ਜੀ ਸਦਕੇ ਲਿਖੇ। ਪਰ ਇਹ ਇਸ ਗੱਲ ਤੇ ਵੀ ਨਿਰਭਰ ਹੈ ਕਿ ਲੇਖਕ ਕਿਹਦੇ ਨਾਲ ਗੱਲ ਕਰਨੀ ਚਾਹੁੰਦਾ ਹੈ।

ਸਾਧੂ: ਤੁਹਾਡਾ ਨਾਂ ਮੀਸ਼ਾ, — ਇਹਦੇ ਬਾਰੇ ਕੁੱਝ ਦੱਸੋ। ਤੁਸੀਂ ਪੰਜਾਬੀ ਵਿਚ ਇਕ ਉਪਰਾ ਨਾਂ ਲਿਆ ਕੇ ਪੰਜਾਬੀ ਦਾ ਆਪਣਾ ਬਣਾ ਕੇ ਰੱਖ ਦਿੱਤਾ ?

ਮੀਸ਼ਾ: ਇਹ ਐਵੀਂ ਕਾਲਜ ਦੇ ਦਿਨਾਂ 'ਚ ਮੈਕਸਿਮ ਗੋਰਕੀ ਦੇ ਕਿਸੇ ਪਾਤਰ ਦੇ ਨਾਂ ਤੇ ਅੱਲ ਪੈ ਗਈ। ਕਾਲਜ ਵਿਚ ਕੋਈ ਇਲੈਕਸ਼ਨਾਂ ਸਨ। ਤੇ ਉਥੇ ਮੇਰੇ ਨਾਂ ਦਾ ਕੋਈ ਹੋਰ ਬੰਦਾ ਵੀ ਸੀ। ਆਪਣੇ ਆਪ ਨੂੰ ਵੱਖਰਾ ਕਰਨ ਲਈ ਮੈਂ ਆਪਣੇ ਨਾਂ ਨਾਲ ਬਰੈਕਟਾਂ ਵਿਚ ਮੀਸ਼ਾ ਲਿਖ ਦਿੱਤਾ। ਤੇ ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਪੰਜਾਬੀ ਵਿਚ ਮੋਹਨ ਸਿੰਘ ਨਾਂ ਦੇ ਹੋਰ ਵੀ ਕਈ ਲੇਖਕ ਸਨ ਤੇ ਮੈਂ ਆਪਣੇ ਨਾਂ ਦੇ ਵਿਚ ਇਹ ਸ਼ਾਮਲ ਕਰ ਲਿਆ। ਇਹ ਸਿਰਫ ਅੱਲ ਹੀ ਹੈ।


## ਜੇ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:

i) ਨਵਾਂ ਪਤਾ

ii) ਚਿਟ ਨੰਬਰ

iii) ਪੋਸਟਲ ਕੋਡ ਨੰਬਰ

iv) ਟੈਲੀਫੋਨ ਨੰਬਰ

ਸਾਨੂੰ ਭੇਜੋ!

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ,

- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਬਾਰਾਂ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਕੈਨੇਡਾ ਵਿੱਚ ਤਿੰਨਾਂ ਦੇ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਤਾਕ ਦੇ ਹਰੇ. ਦਿੱਤੇ ਭੇਜ ਤੇ ਦੋ ਡਾਲਰ ਮਿਲਾਇਓ!)

.................................... ....................................
.................................... ....................................
.................................... ....................................
.................................... ....................................

ਉਤਲੇ ਪੁਤਲੇ ਖਰਚ ਲਈ ਭੇਜੀ ਜਾਵੇਗਾ । ਜੇ ਫਿਰ ਵੀ ਉਸ ਕੋਈ 'ਚੀਂ ਪੀਂ' ਕੀਤੀ ਤਾਂ ਫਿਰ ਉਹ ਆਪਣਾ ਪੜ੍ਹਿਆ ਵਿਚਾਰ ਲਵੇ । ਜਦੋਂ ਭਾਈ ਮਿਲਖੇ ਹੋਰਾਂ ਸਮਝਾਇਆ ਕਿ ਲੜਿਆਂ ਉਹਦਾ ਕੁਝ ਸੌਰਨਾ ਨਹੀਂ...ਵਿਗੜਨਾ ਹੀ ਹੈ ਇਸ ਲਈ ਉਹ ਚੁੱਪ ਹੀ ਕਰ ਜਾਵੇ ਤਾਂ ਚੰਗਾ ਹੈ...ਤਾਂ ਫੌਜੂ ਨੂੰ ਮੂਤ ਦੀ ਝੱਗ ਵਾਂਗ ਬੈਠ ਜਾਣਾ ਪਿਆ । ਪਰ ਉਹਦੇ ਅੰਦਰੋਂ ਅਜੇ ਸ਼ਾਇਦ ਸਾਰੀਆਂ ਨੁਕਰਾਂ ਘਸੀਆਂ ਨਹੀਂ ਸਨ । ਭਜਨੇ ਦੇ ਨਾਂ ਲਾਈ ਜ਼ਮੀਨ ਨੂੰ ਉਹ ਅਜੇ ਵੀ ਆਪਣੀ ਜ਼ਮੀਨ ਆਖਦਾ ਤੇ ਐਵੇਂ ਹੀ ਫਿਰ ਗੱਲਾਂ ਕਰਦਾ ਰਹਿੰਦਾ, "ਐਤਕੀਂ ਵਿਸਾਖੀ 'ਤੇ ਭਾਊ ਉਏ ਆਪਾਂ ਆਪ ਆਪਣੀ ਜ਼ਮੀਨ ਵਾਹੁਣੀ ਆਂ... ਕਿਸੇ ਕੰਜਰ ਨੂੰ ਫਿਰ ਨੀਂ ਵਾਹਣ ਦੇਣਾ..." ਜਦੋਂ ਕਣਕਾਂ ਵੱਢੀਆਂ ਗਈਆਂ ਤਾਂ ਉਸਨੇ ਸੱਚੀ ਮੁੱਚੀਂ ਦਿਹਾੜੀ ਨੌਕਰੀ ਤਲਵਾਰ ਲੈ ਜਾ ਕੇ ਪੈਲੀਆਂ ਵਿਚ ਵਾਹੁੰਦੇ ਪ੍ਰੀਤਮ ਸਿੰਘ ਦੇ ਸਾਲੇ ਦੇ ਹਲ ਡੱਕ ਦਿਤੇ ਤੇ ਉਹਨੂੰ ਕਹਿਣ ਲੱਗਾ, "ਵੇਖਾਂ ਤੂੰ ਲਿਖਤੀ ਤੌਰ 'ਤੇ...ਤੈਨੂੰ ਕਿਹਨੇ ਆਖਿਆ ਜ਼ਮੀਨੇ ਵਾਹ...ਜ਼ਮੀਨ ਮੇਰੀ...ਵਗ ਜਾਹ ਏਥੋਂ...।" ਤੇ ਉਹਦੇ ਸਿਰ 'ਤੇ ਭੂਤ ਸਵਾਰ ਹੋ ਗਿਆ," ਕੁੱਤਿਆ ! ਵਗ ਜਾਹ...ਮਾਰ ਦੂੰਗਾ ਈ...ਤੂੰ ਲੱਗਦਾ ਕੀ ਏਂ ਜ਼ਮੀਨ ਦਾ...ਐਤਕੀਂ ਇਹ ਜ਼ਮੀਨ ਨਹੀਂ ਵਾਹਣੀ...ਤੂੰ ਪੁਛ ਕਿਉਂ...ਇਹ ਇੰਜ ਰੋੜ ਮਦਾਨ ਹੀ ਰਹੂ...ਮੇਰੇ ਆਂਗੂੰ..." ਉਹ ਮਰਨ ਮਾਰਨ 'ਤੇ ਤੁਲਿਆ ਹੋਇਆ ਸੀ । ਦਿਨ ਚੜ੍ਹਦਿਆਂ ਪੈਲੀ ਦੀ ਵੱਟ 'ਤੇ ਜਾ ਬੈਠਦਾ ਤੇ ਸ਼ਾਮ ਪੈਂਦਿਆਂ ਉਠਦਾ । ਪ੍ਰੀਤਮ ਸਿੰਘ ਦੇ ਸਾਲੇ ਨੂੰ ਸਿਆਣੇ ਬੰਦਿਆਂ ਨੇ ਸਮਝਾਇਆ ਕਿ ਉਹ ਪ੍ਰੀਤਮ ਸਿੰਘ ਨੂੰ ਚਿੱਠੀ ਪਾ ਕੇ ਸੱਦੇ । ਇਹਦਾ ਦਿਮਾਗ ਠੀਕ ਨਹੀਂ ਰਿਹਾ...ਐਵੇਂ ਕੁਝ ਕਰ ਗੁਜ਼ਰੂ । ਉਹ ਆਵੇ ਤੇ ਇਹਦਾ ਪ੍ਰਬੰਧ ਕਰ ਜਾਵੇ ।

ਮਹੀਨੇ ਕੁ ਬਾਦ ਪ੍ਰੀਤਮ ਸਿੰਘ ਆਇਆ । ਕਾਨੂੰਨੀ ਤੌਰ 'ਤੇ ਉਹ ਆਪਣੀ ਥਾਂ ਸੱਚਾ ਸੀ । ਪਰ ਪਰਦੇਸਾਂ ਵਾਲਿਆਂ ਨੇ ਜ਼ੋਰ ਪਾਇਆ ਕਿ ਉਹਨੂੰ ਫੌਜੂ ਨੂੰ ਜ਼ਰੂਰ ਕੁਝ ਨਾ ਕੁਝ ਦੇਣਾ ਚਾਹੀਦਾ ਹੈ । ਉਹ ਛੇ ਸੌ ਰੁਪਏ ਸਾਲ ਦਾ ਉਸਨੂੰ ਦੇਣਾ ਮੰਨਿਆ ਤੇ ਚੁਪ ਕਰਕੇ ਰੋਟੀ ਖਾਈ ਜਾਣ ਲਈ ਕਿਹਾ । ਨਹੀਂ ਤਾਂ, ਉਸ ਕਿਹਾ, ਉਸਨੂੰ ਦੂਜੀ ਤਰ੍ਹਾਂ ਵੀ ਹਟਾਉਣਾ ਆਉਂਦਾ ਹੈ ।

"ਤੂੰ ਦੂਜੀ ਤਰ੍ਹਾਂ ਹਟਾ ਲਾ ਖਾਂ ਪਹਿਲਾਂ...ਤੂੰ ਵੱਡਾ ਹਟਾਉਣ ਵਾਲਾ...ਆ ਮੇਰੇ ਨਾਲ ਪਾ ਖਾਂ ਸਾਰੇ ਕੁਝ ਦਾ ਅਧਿਆਰਾ...ਤੂੰ ਪੁੱਛ ਕਿਉਂ ?...ਅੱਧੇ ਅੱਧਵਾਣੇ ਦੇ ਖਾਂ ਵੰਡਕੇ ਮੈਨੂੰ...ਮੈਂ ਪਾਲੇ ਨ੍ਹੀ...ਕਿ ਜੰਮੇ ਨ੍ਹੀ...ਆਖੇ ਖਾਂ ਕੋਈ ਪਰ੍ਹੇ 'ਚੋਂ...ਝੂਠ ਐ ?...ਤੂੰ ਮੈਨੂੰ ਲੁੱਟ ਕੇ ਖਾ ਗਿਆ...ਭੁੱਖਿਆ ਕਿਸੇ ਦਲੈਤ ਦਿਆ ! ਧੋਖੇਬਾਜ਼ਾ !" ਤੇ ਗੱਲ ਰੌਲੇ ਗੌਲੇ 'ਚ ਪੈ ਗਈ । ਲੋਕ ਸਮਝ ਰਹੇ ਸਨ ਕਿ ਫੌਜੂ ਦਾ ਦਿਮਾਗ ਠੀਕ ਨਹੀਂ ਰਿਹਾ, ਪ੍ਰੀਤਮ ਸਿੰਘ ਇਸਨੂੰ ਨਜ਼ਰ-ਅੰਦਾਜ਼ ਕਰ ਦੇਵੇ । ਪਰ ਪ੍ਰੀਤਮ ਸਿੰਘ ਲੋਕਾਂ ਦੇ ਰੋਕਦਿਆਂ ਵੀ ਪੁਲਿਸ ਨੂੰ ਲੈ ਆਇਆ । ਦੋ ਰਾਤਾਂ ਹਵਾਲਾਤ ਕੱਟ ਕੇ ਜਦੋਂ ਫੌਜੂ ਆਇਆ ਤਾਂ ਪ੍ਰੀਤਮ ਸਿੰਘ ਜਾ ਚੁਕਾ ਸੀ । ਹਵਾਲਾਤ ਵਿਚ ਰਹਿਕੇ ਫੌਜੂ ਦਾ ਦਿਮਾਗ ਹੀ ਠੰਡਾ ਨਹੀਂ ਸੀ ਹੋਇਆ, ਸਗੋਂ ਉਹਦੀ ਸੂਰਤ ਵੀ ਖਿੰਡਰ ਗਈ ਸੀ । ਜ਼ਿੰਦਗੀ ਵਿਚੋਂ ਉਹਦਾ ਮੋਹ ਉੱਕਾ ਹੀ ਖ਼ਤਮ ਹੋ ਗਿਆ ਸੀ, ਉਹ ਹਰ ਘੜੀ ਮੌਤ ਨੂੰ ਉਡੀਕਦਾ ਰਹਿੰਦਾ । ਇਹ ਫਜ਼ੂਲ ਦੀ ਜ਼ਿੰਦਗੀ ਉਸਨੂੰ ਨਹੀਂ ਸੀ ਜੀਣੀ ਚਾਹੀਦੀ । ਉਸਨੂੰ ਮਰ ਜਾਣਾ ਚਾਹੀਦਾ ਸੀ । ਉਸਦਾ ਹੁਣ ਪਿਆ ਵੀ ਕੀ ਸੀ ਏਥੇ ? ਏਥੇ ਜਿਥੇ ਉਹਦਾ ਆਪਦਾ ਭਰਾ ਉਸ ਲਈ ਪੁਲਸ ਲਿਆਇਆ ਸੀ । ਜਿੱਥੇ ਉਹਦੀ ਕੋਈ ਜੜ੍ਹ ਨਹੀਂ ਸੀ । ਟਾਹਣਾ ਨਹੀਂ ਸੀ । ਤੇ ਜ਼ਿੰਦਗੀ ਜ਼ਿੰਦਗੀ ਕਦੀ ਉਸਨੂੰ ਸੁਨਹਿਰੀ ਕਿਣਕਿਆਂ ਵਾਂਗ ਆਪਣੇ ਦੁਆਲੇ ਖਿਲਰੀ ਲੱਗਦੀ ਸੀ, ਜਿਨ੍ਹਾਂ ਨੂੰ ਪੋਟਿਆਂ ਨਾਲ ਚੁਣ ਚੁਣਕੇ ਉਹ ਆਪਣੀ ਝੋਲ ਭਰਦਾ ਰਿਹਾ ਸੀ, ਅੱਜ ਕੱਚ ਦੀਆਂ ਨੁਕੀਲੀਆਂ ਕਿਰਚਾਂ ਬਣ ਕੇ ਉਹਦੀ ਦੁਆਲੇ ਖਿਲਰੀ ਪਈ ਸੀ, ਜਿਸਨੂੰ ਚੁਗਦਿਆਂ ਉਹਦੇ ਪੋਟੇ ਜ਼ਖ਼ਮੀ ਹੋਣ ਪਏ ਸਨ...ਲਹੂ ਲੁਹਾਣ ਹੋਏ ਪਏ ਸਨ ।

...ਤੇ ਉਸ ਮਰ ਜਾਣ ਦਾ ਫੈਸਲਾ ਕਰ ਲਿਆ । ਹਰ ਕਿਸੇ ਕੋਲ ਜਾ ਕੇ ਉਹ ਬੇਨਤੀ ਕਰਦਾ ਕਿ ਉਹ ਉਹਦੇ ਹੱਥੋਂ ਦਾਤਰ ਲੈ ਕੇ ਉਹਦੀ ਧੌਣ 'ਤੇ ਮਾਰੇ ਤੇ ਇਕੋ ਟੱਪ ਨਾਲ ਉਸਨੂੰ ਪਾਰ ਬੁਲਾਵੇ । ਇਵਜ਼ਾਨੇ ਵਜੋਂ ਉਹ ਉਸਨੂੰ ਸੱਠ ਰੁਪੈ ਵੀ ਦੇਵੇਗਾ । ਕੋਈ ਭਲਾਮਾਣਸ ਜਦੋਂ ਉਸਨੂੰ ਹੋਰ ਜਿਉਣ ਦਾ ਵਰ ਦਿੰਦਾ ਤਾਂ ਉਹ ਇਕ ਤਰ੍ਹਾਂ ਚੀਖ਼ ਹੀ ਉਠਦਾ, "ਜਾਹ ਨਹੀਂ ਉ ਜਿਉਂਦਾ...ਤੂੰ ਮੇਰੀ ਲੱਤ ਭੰਨ ਲਵੇਂਗਾ...ਜਾਹ ਮੈਂ ਮਰਨਾ ਹੀ...ਤੂੰ ਪੁੱਛ ਕਿਉਂ ? ਕੀ ਆ ਮੇਰਾ ਏਥੇ ? ਮੈਂ ਕਿਉਂ ਜੀਵਾਂ ?...ਤੂੰ ਵੱਡਾ ਵੰਨੇ ਖਾਂ ਜੂ ਬਣਿਆਂ ਫਿਰਦੈ...ਕੀ ਬਣਾ ਦਿੱਤਾ ਈ ਮੇਰਾ ? ਜੇ ਬਣਾ ਨਹੀਂ ਸਕਦਾ ਤਾਂ


**If you are looking for**
* **Quality**
* **Price**
* **After Sale Service when buying your car contact**



ਕਿਸੇ ਪਰਕਾਰ ਦੀ ਕਾਰ ਖ਼੍ਰੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼੍ਰੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



Kuldip Singh Jhand
Res. 524-4137

GM

OFFICE
**521-7731**
**WESTMINSTER CHEVROLET-OLDSMOBILE**
**12 Street & Queens Ave**
**New Westminster**



FOR
**FIELD HOCKEY EQUIPMENT**

* KICKERS
* LEG GUARDS
* SHIN PADS
* MATCH BALL & PRACTICE BALLS, GLOVES AND HOCKEY BAG
* EXCLUSIVE DISTRIBUTORS FOR MAHARAJA HOCKEY STICKS

For
Reasonable Prices and Reliable Service,
Contact S. Tejinder Gill, 584-3789

**BLUE COAST ENTERPRISES**

 ਆ ਖਾਂ ਫਿਰ ਮਾਰ ਮੈਨੂੰ ਬਣ ਬੈਠੇ ਦਾ.. ਤੇ ਵਾਤਰ ਉਹਦੇ ਵਲ ਵਧਾ ਕੇ ਇਨਾਮ ਲੈਣ ਵਾਲਿਆਂ ਦੀ ਪ੍ਰਤੀਖਣ ਵਿਚ ਜਿ. ਜਿਹਾ ਹੋਂਦਾ। ਕਈ ਵਾਰ ਜਦੋਂ ਕੋਈ ਸਧਾਰਣ ਨਾਲ ਉਹਨੂੰ ਆਖਦਾ, "ਓ ਫੌਜਿਆ! ਤੂੰ ਮਰਿਆ ਨੀਂ ਅਜੇ? ...ਹਾਂ ਹੋ ਗੀ ..ਕਦੋਂ ਮਰਨਾ ਈ?..." ਤਾਂ ਉਹ ਅੱਗੋਂ ਹੱਸ ਕੇ ਆਖ ਦਿੰਦਾ, "ਓ ਭਰਾਵਾ.. ਗੱਲ ਈ ਨੀ ਬਣੀ ਅਜੇ.. ਛੇਤੀ ਆ ਜੇ ਜੋੜ ਸੂਤ ਇਕ ਦੋ ਦਿਨਾਂ 'ਚ..." ਤੇ ਫਿਰ ਹੌਕਾ ਭਰਕੇ ਆਖਦਾ, "ਹੇ ਰੱਬਾ! ਤੂੰ ਬੜਾ ਨਾ ਪ੍ਰਵਾਹ ਐਂ...।"

ਉਹਦੇ ਵਾਲ ਉਹਦੀ ਮੈਲੀ ਪੱਗ ਦੇ ਪੇਚਾਂ ਵਿਚੋਂ ਬਾਹਰ ਨਿਕਲੇ ਹੁੰਦੇ। ਉਹਦੇ ਕੱਪੜੇ ਪਾਟੇ ਹੁੰਦੇ। ਕਈ ਵਾਰ ਜਦੋਂ ਉਹ ਸਕੂਲ ਦੇ ਮਾਸਟਰਾਂ ਕੋਲ ਜਾ ਖਲੋਂਦਾ ਤਾਂ ਉਹਦੇ ਤੋਂ ਨਿਆਣੇ ਡਰਨ ਲੱਗ ਜਾਂਦੇ। ਪਰ ਉਹ ਤ੍ਰਿਭ ਜਾਂਦੇ ਪੰਘਰ ਪੈਂਦਾ। ਜਿੱਥੇ ਦਰਮ੍ਹ ਹੁਣੀ ਪੜ੍ਹਦੇ ਰਹੇ ਸਨ। ਜਿੱਥੇ ਉਹਦਾ ਨਿੱਕਾ ਭਜਨਾ ਪੜ੍ਹਦਾ ਰਿਹਾ ਸੀ। ਤੇ ਉਹਦਾ ਦਿਲ ਕੀਤਾ ਉਹ ਉਥੇ ਹੀ ਮਰ ਜਾਵੇ ਤੇ ਉਸ ਮਾਸਟਰ ਵੱਲ ਫਾਤਰ ਵਧਾਇਆ... ਇਕ ਤਰਲੇ ਨਾਲ। ਮਾਸਟਰ ਨੇ ਟਾਲਣ ਲਈ ਕਹਿ ਦਿੱਤਾ, "ਮਰਨ ਤੋਂ ਪਹਿਲੋਂ ਉਹਦੇ ਗਲ ਲੱਗਕੇ ਮਰ... ਜਿਨ੍ਹੇ ਤੇਰੇ ਨਾਲ ਧੋਖਾ ਕੀਤਾ...।"

"ਠੀਕ ਆ...ਠੀਕ ਆ" ਤੇ ਉਹਨੇ ਫਿਰ ਪ੍ਰੀਤਮ ਸਿੰਘ ਦੇ ਸਾਲੇ ਨੂੰ ਜਾ ਸੁਣਾਇਆ, "ਮਰ ਤਾਂ ਮੈਂ ਜਾਣਾ...ਪਰ ਕਿਸੇ ਦੇ ਗਲ ਲੱਗ ਕੇ ਮਰੂੰ.. ਐਤਕੀਂ ਫਿਰ ਨ੍ਹੀ ਵੜਨ ਦੇਣਾ ਮੈਂ ਜ਼ਮੀਨ 'ਚ ਕਿਸੇ ਨੂੰ... ਜਿੰਨਾ ਚਿਰ ਮੇਰਾ ਮਾਮਲਾ ਨਾ ਤਰਿਆ...ਆਪਣੇ ਹਿੱਸੇ ਦੀ ਜ਼ਮੀਨ ਮੈਂ ਆਪ ਵਾਹੂੰ ਨੇੜੇ 'ਤੇ...ਨਹੀਂ ਫੈਸਲੇ ਸਿਰਾਂ ਨਾਲ ਹੋਣਗੇ...।"

ਕਿਸਤੋਂ ਮਹੀਨਾ ਕੁ ਬਾਦ... ਜਦੋਂ ਕਣਕਾਂ ਪੱਕ ਗਈਆਂ ਸਨ। ਵਿਸਾਖੀ ਦਾ ਮੇਲਾ ਸਿਰ 'ਤੇ ਸੀ ਫੌਜੂ ਦੇ ਨਾਂ ਇਕ ਚਿੱਠੀ ਵਲੈਤੋਂ ਆਈ। ਚਿੱਠੀ ਭਜਨੇ ਦੀ ਸੀ; ਉਸ ਲਿਖਿਆ ਸੀ; ਫੌਜੂ ਨੇ ਉਹਦੇ ਮਾਮੇ ਦੀ ਵਾਹੀ ਵਿਚ ਜੇ ਕਿਸੇ ਕਿਸਮ ਦੀ ਰੁਕਾਵਟ ਪਾਈ ਤਾਂ ਉਹ ਉਹਦੇ ਨਾਲ ਆਪ ਆਕੇ ਨਜਿੱਠੇਗਾ। ਇਸੇ ਲਈ ਐਤਕੀਂ ਉਹਦੇ ਨਾਲ ਦੋ ਹੱਥ ਕਰਨ ਉਹ ਆਪ ਹੀ ਆ ਰਿਹਾ ਸੀ। ਉਸ ਲਿਖਿਆ ਸੀ; ਹੁਣ ਉਹ ਪੁਲਿਸ ਕੋਲ ਨਹੀਂ ਜਾਣ ਲੱਗੇ। ਫੌਜੇ ਵਰਗੇ ਨਿਥਾਵਿਆਂ ਨਾਲ ਨਿਪਟਣ ਜੋਗੀ ਉਸ ਕੋਲ ਤਾਕਤ ਹੈ ਸੀ।

ਜਦੋਂ ਫੌਜੇ ਨੇ ਚਿੱਠੀ ਸੁਣੀ ਤਾਂ ਉਹਦੀਆਂ ਅੱਖਾਂ 'ਚ ਪਾਣੀ ਉੱਤਰ ਆਇਆ। "ਹੱਤਾ ਪੁੱਤਰਾ!"

ਜਿੱਥੇ ਉਸਦਾ ਭਜਨਾ ਵੀ ਉਹਦੇ ਨਾਲ ਦੋ ਹੱਥ ਕਰਨਾ ਚਾਹੁੰਦਾ ਸੀ; ਉਥੇ ਉਹਨੂੰ ਮਰ ਹੀ ਜਾਣਾ ਚਾਹੀਦਾ ਸੀ ਤੇ ਇਸ ਲਈ ਕਿਸੇ ਅੱਗੇ ਮਾਰਨ ਦੇ ਤਰਲੇ ਪਾਉਣ ਦੀ ਲੋੜ ਨਹੀਂ ਸੀ। ਅਗਲੇ ਦਿਨ ਢਾਬ ਦੇ ਕੰਢੇ ਉਂਹੀ ਰੌੜੀ 'ਤੇ ਵਿਸਾਖੀ ਦਾ ਮੇਲਾ ਭਰਿਆ ਹੋਇਆ ਸੀ। ਉਹਨੇ ਭੀੜ ਵਿਚੋਂ ਇਕ ਦੋਂਹ ਨੂੰ ਆਪਣੇ ਆਪਨੂੰ ਮਾਰ ਦੇਣ ਲਈ ਕਿਹਾ। ਕੋਈ ਹੱਸਕੇ ਕਹਿਣ ਲੱਗਾ, "ਸਾਹਮਣੇ ਕਿੱਡੀ ਵੱਡੀ ਤੇ ਡੂੰਘੀ ਢਾਬ ਪਈ ਹੈ ਤੇਰੇ ਡੁੱਬ ਮਰਨ ਲਈ...ਜਾਹ ਡੁੱਬ ਮਰ...।"

ਤੇ ਗੱਲ ਜਿਵੇਂ ਉਹਦੇ ਮਨ ਲੱਗ ਗਈ। ਉਸ ਕੰਢੇ 'ਤੇ ਖਲੋਤੇ ਭੀੜ ਵਾਲੇ ਪਾਸੇ ਮੂੰਹ ਕਰਕੇ ਆਖਰੀ ਫਤਹਿ ਬੁਲਾਈ ਤੇ ਫਿਰ ਹੌਲੀ ਹੌਲੀ ਢਾਬ ਵਿਚਲੇ ਡੂੰਘੇ ਪਾਣੀ ਵੱਲ ਤੁਰ ਪਿਆ। ਕੁਝ ਲੋਕਾਂ ਅਣਗੌਲਿਆਂ ਕਰ ਦਿੱਤਾ...ਕੁਝ ਲੋਕ ਵੇਖਣ ਲੱਗ ਪਏ। ਉਹ ਡੂੰਘੇ ਪਾਣੀ ਨੂੰ ਤੁਰਿਆ ਜਾ ਰਿਹਾ ਸੀ। ਪਿੰਜਣੀਆਂ ਤੱਕ...ਪੱਟਾਂ ਤੱਕ...ਛਾਤੀ ਤੱਕ ਪਾਣੀ ਆਉਂਦਿਆਂ ਸਾਰੇ ਸੋਚ ਰਹੇ ਸਨ ਕਿ ਉਹ ਹੁਣੇ ਵਾਪਸ ਮੁੜ ਪਵੇਗਾ। ਭੀੜ ਸੁਗਲ ਵੇਖਣ ਵਾਸਤੇ ਉੱਲਰ ਪਈ। ਪਰ ਉਹ ਨਾ ਮੁੜਿਆ। ਪਾਣੀ ਉਹਦੇ ਗਲ ਗਲ ਆ ਗਿਆ ਸੀ। ਤੇ ਅੱਗੇ ਤਾਂ ਡੂੰਘੀ ਢਾਬ ਸੀ...ਜਿੱਥੇ ਦੋ ਦੋ ਬੰਦੇ ਪਾਣੀ ਡੂੰਘਾ ਸੀ। ਤੇ ਲੋਕਾਂ ਵੇਖਿਆ ਪਾਣੀ ਉਹਦੀ ਠੋਡੀ ਨੂੰ ਤੇ ਫਿਰ ਨੱਕ ਨੂੰ ਛੂਹਣ ਲੱਗਾ ਸੀ; ਦੂਜੇ ਪਲ ਸਾਰਿਆਂ ਵੇਖਿਆ, ਫੌਜੂ ਦਾ ਸਿਰ ਪਾਣੀ ਦੇ ਹੇਠਾਂ ਲੁਕ ਗਿਆ ਸੀ। ਢਾਬ ਦਾ ਪਾਣੀ ਜਿਵੇਂ ਬੁਰਕੀ ਸੰਘੋਂ ਹੇਠਾਂ ਕਰਕੇ ਸ਼ਾਂਤ ਹੋ ਕੇ ਖਲੋ ਗਿਆ ਸੀ। ਭੀੜ ਜਿਵੇਂ ਪੱਥਰ ਬਣ ਗਈ। ਇਹ ਹਾਸੇ ਵਿਚ ਕੀ ਹੋ ਗਿਆ ਸੀ! ਬੰਦਾ ਉਹਨਾਂ ਦੇ ਸਾਹਮਣੇ ਡੁੱਬ ਕੇ ਮਰ ਚੱਲਿਆ ਸੀ। ਉਹਨਾ ਦਾ ਸਾਹ ਉਤਾਂਹ ਦਾ ਉਤਾਂਹ ਰਹਿ ਗਿਆ ਸੀ। ਅਜੇ ਉਹ 'ਕੀ ਕਰੀਏ ਕੀ ਨਾ ਕਰੀਏ' ਦੇ ਸ਼ਸ਼ੋਪੰਜ ਵਿਚ ਹੀ ਪਏ ਹੋਏ ਸਨ ਕਿ ਉਹਨਾਂ ਵੇਖਿਆ ਫੌਜੂ ਦਾ ਸਿਰ ਪਾਣੀ ਤੋਂ ਬਾਹਰ ਆਇਆ ਤੇ ਦੂਸਰੇ ਛਿਣ ਉਸਨੇ ਤਰਨਾ ਸ਼ੁਰੂ ਕਰ ਦਿੱਤਾ। ਸੁੰਨ ਹੋਏ ਲੋਕਾਂ ਦੇ ਬੁੱਲ੍ਹਾਂ ਤੋਂ ਇਕ ਦਮ ਹਾਸਾ ਫੁੱਟ ਪਿਆ। ਹੌਲੀ ਹੌਲੀ ਤਰਦਾ ਫੌਜੂ ਉਹਨਾਂ ਵਲ ਆਉਣ


# Ideas

**YOU'LL FIND INTERESTING AND VALUABLE!**

- Money-Back Life Insurance
- Income Protection
- Mortgage Protection
- Retirement Funds
- Education of Children
- Conserving a Business Interest

Balwant Gill
Representative



Telephone

Office:
521-3781

Residence:
591-3798

**Get your life in shape.**

SUN LIFE OF CANADA

SUN LIFE OF CANADA
321 SIXTH STREET
NEW WESTMINSTER, B.C.
V3L 3A7



THINKING OF TRAVEL?
WE CAN SAVE YOU MONEY,
TIME AND TROUBLE

GROUPS – CHARTER – EXCURSION
PAY LATER

SPECIAL IMMIGRANT FARES AVAILABLE

**GOYAL TRAVEL**

4160 FRASER STREET, VANCOUVER 10, B.C.
PHONE: 872-7658

ASSOCIATE OFFICES:

Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India). Phone 555

ਲੱਗਾ। ਤੇ ਜਦੋਂ ਉਹ ਠੰਡੀ ਚੀਜ਼ ਵਿਚ ਨੁੱਚੜਦਿਆਂ ਕੱਪੜਿਆਂ ਸਮੇਤ ਆ ਕੇ ਪਈ ਤਾਂ ਕਿਸੇ ਕਿਹਾ, 'ਕੀ ਗੱਲ ਜ਼ਿਆਦਾ ਬਦਲ ਗਿਆ ਸੀ ?''

ਵੇਂਹੂ ਪੂਰਾ ਕਹਿਰ-ਗੰਭੀਰ ਸੀ। ਉਹਦੇ ਚਿਹਰੇ 'ਤੇ ਜਿਵੇਂ ਪਾਗਲਪਣ ਦਾ ਕੋਈ ਲਿਹਾਜ਼ ਹੀ ਨਹੀਂ ਸੀ। ਉਹਨੇ ਗਿੱਲੀ ਜੇਬ ਵਿਚ ਹੱਥ ਪਾਉਂਦਿਆਂ ਹੌਲੀ ਜਿਹੀ ਕਿਹਾ, ''ਮੈਂ ਪਾਣੀ ਹੇਠਾਂ ਜਾਕੇ ਸੋਚਿਆ...ਮਨਾ ਮਰ ਤੇ ਜਾਣਾ ਈ ਆ...ਜ਼ਿੰਦਗੀ 'ਚ ਕੀ ਪਇਆ ਪਿਆ'' ਤੇ ਉਸ ਜੇਬ ਵਿਚੋਂ ਕਾਗਜ਼ ਦਾ ਪਾਣੀ ਨਾਲ ਗਿੱਲਾ ਹੋਇਆ ਟੁੱਕੜਾ ਕੱਢ ਕੇ ਮੁੱਠ ਵਿਚ ਘੁੱਟ ਲਿਆ, ''ਭਜਨੇ ਦੀ ਚਿੱਠੀ ਆਈ ਸੀ...ਉਸ ਲਿਖਿਆ ਸੀ ਮੈਂ ਆਉਣਾ ...ਮੈਂ ਸੋਚਿਆ ਮਰਨ ਤੋਂ ਪਹਿਲਾਂ ਉਹਦਾ ਸਹੁਰੇ ਦਾ ਇਕ ਵਾਰੀ ਮੂੰਹ ਈ ਵੇਖ ਜਾਂ... ਮਨਾ ਮਰ ਤੇ ਜਾਣਾ ਈ ਆਂ...।'' [[illegible] : ਸੁਰ ਸਿੰਘ, ਜ਼ਿਲਾ ਅੰਮ੍ਰਿਤਸਰ]

---

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਮਹੀਨਾਵਾਰ ਮੀਟਿੰਗ ਹਰ ਦੂਜੇ ਐਤਵਾਰ ਸ਼ਾਮੀ ਪੰਜ ਵਜੇ ਫਰੇਜ਼ਰਵਿਊ ਲੇਬਰ-ਹੌਲ ਹਾਊਸ 6470 ਵਿਕਟੋਰੀਆ ਡਰਾਈਵ (VICTORIA AND 49TH AVE) ਤੇ ਹੁੰਦੀ ਹੈ। ਸਾਹਿਤ-ਨਾਲ ਲੋਰ ਰੱਖਣ ਵਾਲੇ ਦੋਸਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ ਸੁਖਵੰਤ ਹੁੰਦਲ ਨੂੰ
—321—9221


ਉੱਤਰੀ ਅਮਰੀਕਾ ਮਹਾਂਦੀਪ
ਵਿੱਚ ਪੰਜਾਬੀ ਦਾ ਇਕੋ ਇਕ
ਸਾਹਿੱਤਕ-ਸੱਭਿਆਚਾਰਕ ਮਾਸਿਕ




P.O. BOX 67881 STN. "O"
VANCOUVER, B.C. V5W 3V2


---


Sovereign Insurance provides
a wide range of insurance services

- FIRE INSURANCE
- HOMEOWNER'S
- TENANT'S
- MORTGAGE PROTECTION
- LIFE INSURANCE
- TERM INSURANCE
- BUSINESS INSURANCE
- RETIREMENT SAVINGS (RRSP)
- 1ST DAY ACCIDENT& SICKNESS POLICY
- AND THROUGH AN ASSOCIATE COMPANY A UNIQUE PROPERTY FUND PLAN

Protecting Canadians and their families for over 75 years

PLEASE CALL ANYTIME



PRITPAL NARWAL
B.A., LLB.
736-5451 Office
874-3276 Res.

SOVEREIGN GENERAL INSURANCE COMPANY
LIFE ASSURANCE COMPANY
MEMBERS OF THE CASCADE GROUP

# ਘਰ ਖਰੀਦੋ ਚਾਹੇ ਵੇਚੋ

ਮਕਾਨ ਖ੍ਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ
ਅਸੀਂ ਤੁਹਾਡੇ ਮਕਾਨ ਦਾ ਚੰਗਾ ਮੁਲ ਦੇ ਸਕਦੇ ਹਾਂ

* RESIDENTIAL
* COMMERCIAL
* APARTMENTS
* BUILDING LOTS
* FARMS
* MORTGAGES

TEL: 872-7827
873-1969



*RIASAT ALI KHAN (President)*

## KINGSGATE REALTY LTD.

104 KINGSGATE MALL
370 EAST BROADWAY VANCOUVER, B.C. V5T 4G5

Autoplan Authorised agent

## KINGSGATE INSURANCE AGENCIES



**Riasat Ali Khan**
**President**



**Fazal Khan**
**Manager**



**Siraj Khan**
**Vice President**

* **Auto Insurance and Liscence**
* **Fire, Theft & Liability**
* **Life, accident & sickness**
* **Annuities and pension plans**
* **Registered retirement savings plan**

104 KINGSGATE MALL
370 EAST BROADWAY VANCOUVER, B.C. V5T 4G5

FOR ALL YOUR INSURANCE NEEDS — KINGSGATE INSURANCE AGENCIES

**Bus. Tel. 872-7827 or 874-2125**

ਸਥਾਈ ਕਾਲਮ

# ਆਪਣੇ ਲੋਕ

ਅਜਮੇਰ ਰੋਡੇ

ਉਹ ਜਦੋਂ ਵੀ ਮਿਲਦਾ ਅਕਸਰ ਕਾਹਲੀ 'ਚ ਹੁੰਦਾ। ਬਸ ਅੱਧਾ ਪੌਣਾ ਘੰਟਾ ਕਿਸੇ ਨਵੀਂ ਸੋਚੀ ਸਕੀਮ ਬਾਰੇ ਵਿਚਾਰ ਵਟਾਂਦਰਾ ਕਰਦਾ ਤੇ ਜਾਣ ਲਈ ਉਠ ਖੜ੍ਹਦਾ; ਕਈ ਵਾਰ ਤਾਂ ਚਾਹ ਦਾ ਕੱਪ ਵੀ ਵਿਚੇ ਹੀ ਛੱਡ ਜਾਂਦਾ। ਮੈਨੂੰ ਕੁਝ ਦੇਰ ਪਿਛੋਂ ਪਤਾ ਲੱਗਾ ਕਿ ਇਹ ਮੇਰਾ ਦੋਸਤ ਆਪਣੀ ਕਮਿਊਨਿਟੀ ਦੀ ਭਲਾਈ ਖਾਤਰ ਬਹੁਤ ਸੋਚਦਾ ਹੈ ਤੇ ਫਿਕਰਮੰਦ ਰਹਿੰਦਾ ਹੈ।

ਆਪਣੇ ਲੋਕਾਂ 'ਤੇ ਉਸਨੂੰ ਹਰ ਵਾਰ ਕੋਈ ਨਾ ਕੋਈ ਨਵਾਂ ਰੋਸ ਹੁੰਦਾ, ਜਿਸਦੇ ਵਜੋਂ ਅੱਜ ਉਸਨੇ ਇਹ ਰੋਸ ਪ੍ਰਗਟ ਕੀਤਾ ਕਿ ਆਪਣੇ ਲੋਕ ਸਰਕਾਰ ਕੋਲੋਂ ਗ੍ਰਾਂਟਾਂ ਲੈਣ ਵਿਚ ਕਿਉਂ ਪਿੱਛੇ ਹਨ — "ਕੀ ਅਸੀਂ ਟੈਕਸ ਨਹੀਂ ਦਿੰਦੇ ਜਾਂ ਸਾਡੇ ਦੂਜਿਆਂ ਨਾਲੋਂ ਹੱਕ ਘੱਟ ਹਨ? ਜੇ ਕਨੇਡੀਅਨ, ਇਟੈਲੀਅਨ, ਚੀਨੀ [illegible] ਧੜਾ ਧੜ ਗ੍ਰਾਂਟਾਂ ਲੈ ਰਹੇ ਹਨ ਤਾਂ ਅਸੀਂ ਕਿਉਂ ਪਿੱਛੇ ਰਹੀਏ — ਅਸੀਂ ਵੀ ਬਹੁਤ ਕੁਝ ਕਰ ਸਕਦੇ ਹਾਂ ... ..." ਉਹ ਇਕੋ ਸਾਹ ਬੋਲਦਾ ਗਿਆ ਜਿਵੇਂ ਅਚਾਨਕ ਇਸ ਗੱਲ ਦਾ ਅਹਿਸਾਸ ਹੋਇਆ ਹੋਵੇ ਕਿ ਹੁਣ ਤਕ ਉਸ ਨਾਲ ਧੋਖਾ ਹੁੰਦਾ ਰਿਹਾ ਹੈ। ਫੇਰ ਮੇਰੇ ਵਲ ਤੱਕ ਕੇ ਬੋਲਿਆ:

"ਤੇਰਾ ਇਸ ਬਾਰੇ ਕੀ ਖ਼ਿਆਲ ਹੈ?"

"ਖ਼ਿਆਲ ਤਾਂ ਠੀਕ ਹੈ ਜੇ ਨਿਸ਼ਾਨਾ ਕਮਿਊਨਿਟੀ ਦੀ ਸੇਵਾ ਦਾ ਹੋਵੇ, ਜੇ ਗ੍ਰਾਂਟ ਦੇ ਪੈਸੇ ਵਿੰਗੇ ਟੇਢੇ ਤਰੀਕੇ ਨਾਲ ਆਪਣੀ ਜੇਬ ਵਿਚ ਹੀ ਪੈਣੇ ਹੋਣ ਜਾਂ ਗ੍ਰਾਂਟ ਲੈਣ ਵਾਲਿਆਂ ਦੀ ਚੌਧਰ ਚਮਕਾਉਣ ਲਈ ਹੀ ਵਰਤਣੇ ਹੋਣ ਤਾਂ ਮੈਂ ਇਸ ਦੇ ਹੱਕ ਵਿਚ ਨਹੀਂ।" ਫੇਰ ਮੈਨੂੰ ਉਸਦੇ ਬਹੁਤ ਰੁਝੇਵਿਆਂ ਦਾ ਖ਼ਿਆਲ ਆਇਆ, ਮੈਂ ਪੁੱਛਿਆ:

"ਵੈਸੇ ਤੇਰੇ ਕੋਲ ਵਕਤ ਹੈ?"

"ਗ੍ਰਾਂਟ ਲੈਣ ਲਈ ਵਕਤ ਤਾਂ ਕੱਢਣਾ ਹੀ ਪਊਗਾ।"

"ਗ੍ਰਾਂਟ ਲਈ ਨਹੀਂ, ਕਮਿਊਨਿਟੀ ਲਈ।"

"ਹਾਂ, ਹਾਂ ਮੇਰਾ ਮਤਲਬ ਗ੍ਰਾਂਟ ਲੈ ਕੇ ਕਮਿਊਨਿਟੀ ਲਈ ਕੰਮ ਕਰਨ ਤੋਂ ਹੀ ਹੈ... ਸੱਚੀ ਗੱਲ ਤਾਂ ਇਹ ਹੈ ਬਈ ਮੈਂ ਆਪਣਾ ਹੁਣ ਵਾਲਾ ਕੰਮ ਵੀ ਛੱਡਣਾ ਚਾਹੁੰਦਾ ਹਾਂ... ਗ੍ਰਾਂਟ ਵਿਚੋਂ ਆਪਣੀ ਲਿਵਿੰਗ ਵੀ ਕਰਿਆ ਕਰੂੰ ਤੇ ਕਮਿਊਨਿਟੀ ਵਾਸਤੇ ਵੀ ਕੰਮ ਕਰਿਆ ਕਰੂੰਗਾ। ਨਾਲੇ ਆਪਣੀ ਕਮਾਈ, ਨਾਲੇ ਕਮਿਊਨਿਟੀ ਭਲਾਈ — ਨਾਲੇ ਪੁੰਨ ਨਾਲੇ ਫਲੀਆਂ।"

"ਠੀਕ ਜੇ ਪੂਰੀ ਦੀਆਨਤਦਾਰੀ ਨਾਲ ਆਪਣਾ ਸਾਰਾ ਸਮਾਂ ਦੇਣਾ ਹੀ ਲਗਾਉਣਾ ਹੋਵੇ ਫੇਰ ਤਾਂ ਤਨਖ਼ਾਹ ਲੈਣੀ ਜਾਇਜ਼ ਵੀ ਹੈ, ਪਰ ਤੂੰ ਕੋਈ ਸਕੀਮ ਸੋਚੀ ਹੈ?"

"ਮੇਰੀ ਸਕੀਮ ਇਕ ਕਾਲਿਜ ਖੋਲ੍ਹਣ ਦੀ ਹੈ।"

"ਕਾਲਿਜ ਦੀ? ਇਸ ਵਾਸਤੇ ਤਾਂ ਬਹੁਤ ਪੈਸੇ ਦੀ ਲੋੜ ਪਊ।"

"ਆਪਣੀ ਵਾਕਫ਼ੀ ਹੈਗੀ, ਆਪਣੇ ਗ੍ਰਾਂਟਾਂ ਦੇਣ ਵਾਲਿਆਂ ਵਿਚ ਆਪਣਾ ਇਕ ਮਿੱਤਰ ਆ।"

"ਕਾਲਜ ਖੋਲ੍ਹਣਾ ਕਿਹੋ ਜਿਹਾ?"

"ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਇੰਡੋਕੈਨੇਡੀਅਨ ਸਾਹਿਤ, ਹਿਸਟਰੀ, ਆਰਟਸ ਆਦਿ ਪੜ੍ਹਾਉਣ ਵਾਸਤੇ ... [illegible] ਫ਼ਾਇਦੇ ਵਾਸਤੇ ... ..."

"ਐਨੇ ਵੱਡੇ ਕਾਲਿਜ ਵਾਸਤੇ ਸਟਾਫ਼ ਕਿਥੋਂ ਆਊ?"

"ਵਾਹ ਭਈ ਵਾਹ, ਸਟਾਫ਼ ਦਾ ਕੀ ਹੈ ਜਿਨ੍ਹਾਂ ਨੂੰ ਜੀ ਕਰੂ ਜਾਬ ਆਫ਼ਰ ਕਰ ਦਿਆ ਕਰਾਂਗੇ, ਜਿਹੜੇ ਸਾਡੀ ਸਪੋਰਟ ਕਰਿਆ ਕਰਨਗੇ — ਸੈਕਟਰੀਆਂ, ਟੀਚਰ, ਬੋਰਡ ਦੇ ਮੈਂਬਰ ਤੇ ਹੋਰ ਕਿਸੇ ਵੀ ਰੋਲ ਆਪਣੇ ਆਪਣੇ ਤਜਰਬੇ ਮੁਤਾਬਕ ਨਿਭਾਇਆ ਕਰਨਗੇ।" ਇਹ ਗੱਲ ਕਰਦੇ ਉਸਨੇ ਖ਼ੁਸ਼ੀ ਮਹਿਸੂਸ ਕੀਤੀ ਜਿਵੇਂ ਕਿਸੇ ਤਕੜੀ ਯੂਨੀਵਰਸਿਟੀ ਦਾ ਪ੍ਰੈਜ਼ੀਡੈਂਟ ਬਣਨ ਵਾਲਾ ਹੋਵੇ।

"ਮੇਰਾ ਤਾਂ ਖ਼ਿਆਲ ਹੈ ਅਜੇ ਵੱਡੀ ਸਕੀਮ ਅਜੇ ਸੋਚੀ ਨਾ ਕਰੀਏ, ਤੂੰ ਕੋਈ ਛੋਟੀ ਸਕੀਮ ਬਾਰੇ ਸੋਚ ..." ਮੈਂ ਕਿਹਾ।

"ਚਲੋ, ਨਾ ਚੱਲੂ ਤਾਂ ਨਾ ਸਹੀ, ਇਕ ਵਾਰ ਟੋਰ ਤਾਂ ਦਈਏ, ਐਵੇਂ ਪਿੱਛੇ ਹੀ ਪਿਛੜੇ ਆਂ।"

"ਪਰ ਇਸ ਵਿਚ ਕਮਿਊਨਿਟੀ ਭਲਾਈ ਵਾਲੀ ਕਿਹੜੀ ਗੱਲ ਹੋਈ?"

"ਸਕੀਮ ਤਾਂ ਮੈਂ ਇਕ ਹੋਰ ਵੀ ਸੋਚੀ ਆ ਤੇ ਇਹ ਸਮਝੋ ਪੱਕੀ ਸਕੀਮ ਆ।" ਉਸ ਮੇਰੀ ਗੱਲ ਦਾ ਉੱਤਰ ਦੇਣ ਦੀ ਥਾਂ ਕਿਹਾ।

"ਇਹ ਸਕੀਮ ਕਿਹੋ ਜਿਹੀ ਆ?"

"ਇਕ ਅਖ਼ਬਾਰ ਕੱਢਣ ਦੀ।"

"ਅਖ਼ਬਾਰ ਦੀ? ਪੰਜਾਬੀ ਵਿਚ ਅਖ਼ਬਾਰ ਤਾਂ ਅੱਗੇ ਹੀ ਕਈ ਚਲਦੇ ਨੇ..."

"ਜਿਹੜੇ ਅਗੇ ਚਲਦੇ ਨੇ ਉਨ੍ਹਾਂ ਸਾਰਿਆਂ ਨੂੰ ਫੇਲ੍ਹ ਕਰ ਦਿਆਂਗੇ, ਤੂੰ ਵੇਖੀ ਥੋੜਾ ਚਿਰ ਤਾਂ ਸੁਣੈਨਟ ਕਰ।"

"ਹਾਂ ਤਾਂ ਰੱਬ ਕਰਾਂਗੇ ਪਰ ਤੂੰ ਇਹ ਤਾਂ ਦੱਸ ਅਖ਼ਬਾਰ ਕੱਢਣਾ ਕਿਸ ਕਿਸਮ ਦਾ ਐ?"

"ਐਹੋ ਜਿਹਾ ਜੋ ਸਭ ਨੂੰ ਅਪੀਲ ਕਰੇ; ਗੁਰਦੁਆਰੇ ਵਾਲਿਆਂ ਨੂੰ ਵੀ ਅਤੇ "ਗਰਮ ਲੋਕਾਂ" ਨੂੰ ਵੀ। ਕਦੇ ਤਾਂ ਜੀ ਕਰਦੈ ਸਫ਼ਰਨਾਮਾ ਵੀ ਛੱਪ ਸਕਾਂ ਪਰ..."

"ਪਰ ਇਹੋ ਜਿਹਾ ਅਖ਼ਬਾਰ... ..."

"ਹਾਂ, ਇਹੋ ਜਿਹਾ ਅਖ਼ਬਾਰ ਬਹੁਤ ਚਲ ਸਕਦੈ।" ਉਸਨੇ ਮੇਰੀ ਗੱਲ ਵਿਚੋਂ ਹੀ ਟੋਕ ਕੇ ਕਿਹਾ, "ਅਸਲ ਵਿਚ ਮੈਂ ਤਾਂ ਇਸਦਾ ਨਾਂ ਵੀ ਸੋਚਿਆ ਹੋਇਐ। ਇਹ ਅਖ਼ਬਾਰ ਬਿਜ਼ਨੈਸ ਮੈਨਾਂ ਅਤੇ ਵਪਾਰੀਆਂ ਨੂੰ ਵੀ ਅਪੀਲ ਕਰੂਗਾ ਤੇ ਆਮ ਲੋਕਾਂ ਨੂੰ ਵੀ।"

"ਫੇਰ ਵੀ ਤੂੰ ਅਖ਼ਬਾਰ ਵਿਚ ਅਜਿਹਾ ਕੀ ਛਾਪੇਂਗਾ ਜੋ ਸਭ ਨੂੰ ਅਪੀਲ ਕਰੇ?"

"ਵੇਖੋ ਜੀ ਭਾਰਤ ਦੇ ਅਖ਼ਬਾਰਾਂ ਵਿਚੋਂ ਗਰਮ ਗਰਮ ਖ਼ਬਰਾਂ ਚੁਣ ਕੇ ਤੇ ਮੋਟੀਆਂ ਮੋਟੀਆਂ ਸੁਰਖੀਆਂ ਦੇ ਕੇ ਛਾਪੋ।"

"ਤੇ ਵਿਦੇਸ਼ੀ ਅਖ਼ਬਾਰਾਂ ਵਿਚੋਂ?"

"ਵਿਦੇਸ਼ੀ ਅਖ਼ਬਾਰ ਵੀ ਕਿਹੜੇ ਨਾ ਕਿਹੜੇ ਦਫ਼ਤਰ ਜਾ ਸਕਦੇ ਹਨ; ਇੰਗਲੈਂਡ ਅਮਰੀਕਾ ਆਦਿ ਦੇ ਅਖ਼ਬਾਰਾਂ ਵਿਚੋਂ ਛੋਟੀਆਂ ਛੋਟੀਆਂ ਖ਼ਬਰਾਂ ਛਾਪੋ।"

"ਮੇਰਾ ਖ਼ਿਆਲ ਵੀ ਇਹੋ ਸੀ ਕਿ, ਪੋਲੀਟੀਕਲ ਖ਼ਬਰਾਂ ਤਾਂ ਹਰ ਅਖ਼ਬਾਰ ਵਿਚ ਹੀ ਗਰਮ ਹੁੰਦੀਆਂ ਹਨ — ਭਾਰਤ ਦੇ ਅਖ਼ਬਾਰਾਂ ਦੀਆਂ ਖ਼ਬਰਾਂ ਚੋਰੀਆਂ ਹੋਕੇ ਪੁਜਣਗੀਆਂ।"

"ਪਰ ਹੋਰ ਵੀ ਬਥੇਰਾ ਕੁਝ ਦਰਸਾਇਆ ਜਾ ਸਕਦਾ ਹੈ — ਮੈਂ ਫ਼ਾਰਮਰ ਖ਼ਬਰਾਂ ਦੀ ਗਰਮਾ ਗਰਮ ਛਾਪਾਂਗਾ — ਸਰਕਾਰੀਆਂ ਅਫ਼ਸਰਾਂ ਦੇ ਝਗੜੇ ਬਹੁਤ ਮਜ਼ੇਦਾਰ ਬਣ ਸਕਦੇ ਨੇ।"

"ਇਹ ਤਾਂ ਪੁਰਾਣੀਆਂ ਗੱਲਾਂ ਹਨ — ਹੁਣ ਮੇਰਾ ਖ਼ਿਆਲ ਸੀ ਲੋਕਾਂ ਨੂੰ ਇਕ ਇਹੋ ਜਿਹੀ ਦਿਲਚਸਪੀ ਹੋਵੇ, ਉਸ ਦੀ... ..."

"ਪਰ ਇਹੋ ਜਿਹੀਆਂ ਹੋਰ ਨਵੀਆਂ ਗੱਲਾਂ ਦੀ ਬਹੁਤ ਹੋ ਸਕਦੀਆਂ ਹਨ।"

"ਨਵੀਆਂ ਕਿਹੋ ਜਿਹੀਆਂ?"

"ਫ਼ਰਜ਼ ਕਰੋ ਜਿਥੇ ਅਤੇ ਪਿੰਡਾਂ ਵਾਲੀਆਂ ਵਿਚ ਝਗੜਾ ਪੈਂਦਾ ਹੋ ਜਾਂਦੈ, ਦੋ ਸਰੀਕੇ ਸਮਾਜੇ ਜਾ ਜਾ ਕੇ ਖ਼ਬਰਾਂ ਛਾਪੋ, ਲੋਕਾਂ ਦੇ ਫ਼ਾਰਮਰ ਜ਼ਖ਼ਮੀਆਂ ਨੂੰ ਹਸਪਤਾਲ ਜ਼ਖ਼ਮੀ ਕਰੋ, ਫੇਰ ਵੇਖੋ ਅਖ਼ਬਾਰ ਦੀ ਪਾਪੂਲੈਰਿਟੀ!"

"ਪੰਜਾਬ 'ਚ ਹੋ ਰਹੇ ਕਥਿਤ ਫ਼ਿਰਕਾਪ੍ਰਸਤ ਝਗੜਿਆਂ ਨੂੰ ਉਛਾਲ ਉਛਾਲ ਕੇ ਇਥੇ ਚੋਖੇ ਲੋਕਾਂ ਨੂੰ ਭੜਕਾਉਣਾ ਬਹੁਤ ਜ਼ਰੂਰੀ ਹੈ ਮੈਂ ਇਸ ਗੱਲ ਸਹਿਮਤ ਨਹੀਂ।"

"ਤੂੰ ਤਾਂ ਐਵੇਂ ਹੋਰ ਤਰ੍ਹਾਂ ਸੋਚਦੈਂ, ਅਖ਼ਬਾਰ ਦੀ ਚਲਦੈ?"

"ਮੇਰਾ ਖ਼ਿਆਲ ਸੀ ਲੋਕਾਂ ਨੂੰ ਇਹੋ ਜਿਹੀਆਂ ਗੱਲਾਂ ਨਾਲ ਜ਼ਿਆਦਾ ਦੇਰ ਧੁੱਤੂ ਬਣਾਇਆ ਜਾ ਸਕੇ, ਤੇ ਨਾ ਹੀ ਕਦੇ ਬਣਾਉਣਾ ਚਾਹੀਦੈ।"

"ਚਲ ਹੋਰ ਵੀ ਬਥੇਰੇ ਢੰਗ ਹੋ ਸਕਦੇ ਹਨ, ਜਾਤ ਪਾਤ ਦੀ ਗੱਲ ਚਲਾ ਦਿਓ।"

"ਜਾਤ ਪਾਤ ਦੀ?"

"ਆਹੋ ਜੱਟਾਂ ਤਖਾਣਾਂ ਨੂੰ ਆਪੋ ਵਿਚ ਟਕਰਾ ਦਿਓ — ਅਤੇ ਪੰਜਾਬ ਵਿਚ ਵੀ ਇਹੋ ਜਿਹੀ ਆਮ ਜਿਹੀ ਗੱਲ ਚਲ ਹੀ ਪਈ ਸੀ — ਇਥੇ ਵੀ ਚਲਾ ਦਿਓ — ਇਕ ਦੂਜੇ ਦੇ ਵਿਰੁਧ ਚਿੱਠੀਆਂ ਲਿਖਵਾਓ ਤੇ ਛਾਪੋ — ਵੇਖੀਂ ਫੇਰ ਧੜਾ ਧੜ ਅਖ਼ਬਾਰ ਖ਼ਰੀਦਣਗੇ।"

"ਪਰ ਲੋਕ ਤਾਂ ਐਡੀਟਰ ਨੂੰ ਵੀ ਜ਼ਿਆਦਾ ਫਿਟਕਾਰਨਗੇ!"

"ਆਪਣੇ ਦੇਸ਼ ਐਂਗਲੋਇੰਡੀਅਨ ਵਿਚ ਜੋ ਅੰਗਰੇਜ਼ੀ ਅਖ਼ਬਾਰ ਪਾਸ ਕਰ ਦਿਓ।"

"ਇਸ ਤਰ੍ਹਾਂ ਜ਼ਾਹਿਰ ਜਾਤਪਾਤ ਵਿਚ ਵਿਸ਼ਵਾਸ ਰੱਖਣ ਵਾਲੇ ਤਾਂ ਧੁੱਤੂ ਬਣ ਜਾਣ ਪਰ ਲੇਖਕ ਲੋਕ ਤਾਂ ਇਸ ਵਿਰ ਨੂੰ ਸਮਝ ਜਾਣਗੇ।"

"ਫੇਰ ਲੇਖਕਾਂ ਨੂੰ ਟਕਰਾ ਦਿਓ।"

"ਲੇਖਕਾਂ ਨੂੰ ਟਕਰਾ ਦਿਓ? ਉਹ ਕਿਵੇਂ?"

"ਇਕ ਦੀ ਦੂਜੇ ਵਿਰੁਧ ਚਿੱਠੀ ਛਾਪਕੇ।"

"ਇਹ ਇਕ ਦੂਜੇ ਨੂੰ ਟਕਰਾਉਣ ਦਾ ਤੇਰੇ ਮਨ ਅੰਦਰ ਕੀ ਭੂਤ ਸਵਾਰ ਹੋਇਐ?"

"ਏਥੇ ਹੀ ਗੱਲ ਖ਼ਤਮ ਨਹੀਂ ਹੁੰਦੀ — ਅਖ਼ਬਾਰ ਵੱਧ ਤੋਂ ਵੱਧ ਗਿਣਤੀ ਵਿਚ ਵਿਕਣਾ ਚਾਹੀਦੈ; ਜੇ ਮਰਜ਼ੀ ਫ਼ਿੱਕ ਵਕੇ ..."

"ਏਥ ਜਾਹ, ਆਪਾਂ ਨੂੰ ਤੇਰੀ ਪਾਲਿਸੀ ਉੱਕਾ ਪਸੰਦ ਨਹੀਂ — ਇਹਾਂ ਵਿਰੋਧੀਆਂ ਦੀ ਟੱਕਰ, ਸ਼ੈਤਾਂ ਤਖ਼ਾਣਾਂ ਦੀ ਟੱਕਰ ਲੇਖਕਾਂ ਲੇਖਕਾਂ ਦੀ ਟੱਕਰ — ਤੂੰ ਕੋਈ ਕੰਮ ਦਾ ਵਿਸ਼ਾ ਵੀ ਲੱਭ।"

"ਤੂੰ ਕਿਹੜੇ ਵਿਸ਼ਿਆਂ ਦੀ ਗੱਲ ਕਰਦੈਂ?"

"ਮੈਂ ਚਾਹੁੰਦਾ ਹਾਂ ਤੂੰ ਸ਼ਬਦਾਂ ਦੀ ਜਗੀਰਦਾਰੀ ਛੱਡ ਸਾਫ਼ ਪੰਜ ਕਰੇਂ ਤੇ ਕੁਝ ਗੰਭੀਰ ਵਿਸ਼ਿਆਂ ਤੇ ਆਰਟੀਕਲ ਲੇਖ ਵੀ ਛਾਪੇਂ ਜਿਨ੍ਹਾਂ ਨਾਲ ਲੋਕਾਂ ਵਿਚ ਜਾਗਰੂਕਤਾ ਦੀ ਲਹਿਰ ਹੋਵੇ — ਪਰ ਗੰਭੀਰ ਵਿਸ਼ਿਆਂ ਨੂੰ ਐਧੀ ਘੋੜੀ ਵਿਚ ਆਰਟੀਕਲ ਦੇ ਕੇ ਛਾਪਣਾ ਚੰਗਾ ਹੈ ਤੇ ਇਹ ਤੇਰੇ ਵਸ ਦੀ ਗੱਲ ਨੀ ਲਗਦੀ।"

"ਵਸ ਦੀ ਗੱਲ ਕਿਉਂ ਨੀ ਤੂੰ ਕਿਹੜੇ ਗੰਭੀਰ ਵਿਸ਼ੇ ਦੀ ਗੱਲ ਕਰਦੈਂ?"

"ਫ਼ਰਜ਼ ਕਰ ਜੇ ਕਿਸੇ ਸੌਸ਼ਲਿਸਟ ਵਿਸ਼ੇ ਤੇ ਔਰਤਾਂ ਵਾਸਤੇ ਲੇਖ ਹੋਵੇ ਤਾਂ ਕਿਹੋ ਜਿਹਾ ਆਰਟੀਕਲ ਦੇਵੇਂਗਾ ਜਿਸ ਨਾਲ ਆਮ ਪਾਠਕ ਦਾ ਧਿਆਨ ਖਿੱਚਿਆ ਜਾ ਸਕੇ?"

ਉਸ ਨੇ ਥੋੜ੍ਹਾ ਜਿਹਾ ਸੋਚਿਆ ਤੇ ਕਿਹਾ:

"ਮੇਰੇ ਪੀੜ ਹੁੰਦੀ ਮੈਂ ਕੀ ਮੇਰੇ ਪੀੜ ਹੁੰਦੀ ਮੈਂ ... ... ..."

"ਬਸ ਕਰ ਅੱਗੇ ਰਹਿਣ ਦੇ" ਮੈਂ ਕਾਹਲੀ ਨਾਲ ਕਿਹਾ।

"ਕਿਉਂ?" ਉਸ ਨੇ ਹੈਰਾਨੀ ਨਾਲ ਪੁੱਛਿਆ

"ਆਪਣੇ ਦੀ ਐਸੀ ਅਸ਼ਲੀਲ ਵੰਨਗੀ ਪੜ੍ਹ ਕੇ ਘਰੇ ਧੀਆਂ ਭੈਣਾਂ ਵਾਲੇ ਲੋਕ ਤੇਰੇ ਅਖ਼ਬਾਰ ਨੂੰ ਪੜ੍ਹਨ ਤੋਂ ਪਰਹੇਜ਼ ਕਰਨ ਵਾਲੇ ਜ਼ਿਆਦਾ ਵਿਖਰ ਰਹਿਆ ਕਰਨਗੇ।"

"ਮੁੰਡੇ ਮੁੰਡੇ ਤਾਂ ਖੇਡਾਂ ਇਨ੍ਹਾਂ ਤੇ ਲੱਗਣਗੇ ਨਾ।"

"ਪਰ ਇਹ ਤਾਂ ਪਤਵੰਤਿਆਂ ਦੇ ਘਰਾਂ ਵਿਚ ਸੈਂਸਰਸ਼ਿਪ ਹੈ ਆਪਣਾ ਘਰਦਾ ਜ਼ਿਆਦਾ ਰਸਾਉਣ ਲਈ... ਇਸ ਤਰ੍ਹਾਂ, ਤਾਂ ਲੇਖਕ ਲੋਕ ਤੇਰਾ ਸਾਥ ਛੱਡ ਜਾਣਗੇ।"

"ਲੇਖਕਾਂ ਦਾ ਕੀ ਮੈਂ ਉਹ ਤਾਂ ਹੁੰਦੇ ਹੀ ਦੌਲਤਸ਼ਾਹੀ ਦੇ ਭੁੱਖੇ; ਉਨ੍ਹਾਂ ਨੂੰ ਦੱਸਿਆ ਜਦੋਂ ਅਖ਼ਬਾਰ ਵਿਚ ਫ਼ੋਟੋਆਂ ਛਾਪ ਛੱਡੋ ਉਹ ਖ਼ੁਸ਼ ਹੋ ਜਾਣਗੇ।"

"ਕਿਹੜੇ ਢੰਗ ਦੀ ਨਾ ਖ਼ੁਸ਼ ਹੋਵੇ?"

"ਉਨ੍ਹਾਂ ਦੀਆਂ ਤੀਵੀਆਂ ਨੂੰ ਨੌਕਰੀਆਂ ਆਫ਼ਰ ਕਰ ਦਿਓ ਅਖ਼ਬਾਰ ਵਿਚ..."

"ਕਿਹੜੇ ਢੰਗ ਦੀ ਨਾ ਮੰਨਣ?"

"ਉਨ੍ਹਾਂ ਦੀਆਂ ਔਰਤਾਂ ਦੀਆਂ ਲਿਖ ਕੇ 'ਚੰਗਾਂ ਗੱਲੀਆਂ' ਕਰਾ ਦਿਓ।"

"ਵਾਹ ਯਾਰ ਵਾਹ ਜੇ ਤੂੰ ਐਹੋ ਜਿਹੀ ਸੁਧਾਰ ਅਖ਼ਬਾਰ ਵਿਚ ਵਰਤਣ ਲਗ ਪਿਆ ਪੰਜਾਬੀ ਦੁਨੀਆਂ ਵਿਚ ਤਾਂ ਜ਼ਰੂਰ ਤੇਰੀ ਧੁੰਮ ਪੈ ਜੂ।"

"ਤਾ ਤੂੰ ਛੇਤ ਕੀ ਨਵਾਂ ਸੁਝਾ ਦੇ ਸਕਦੈਂ?"

"ਮੈਂ ਤਾਂ ਏਹੋ ਕਹਿਨਾ ਜੇ ਤੂੰ ਇਹੋ ਜਿਹੀ ਸਟਾਇਲ ਵਿਚ ਹੀ ਲਿਖਣੈ ਚਾਹੁੰਦੈਂ ਤਾਂ ਘੱਟ ਘੱਟ ਸੁਧਾਰ ਤਾਂ ਕੀਕ ਰੱਖ ਜਿਸਨੂੰ ਸਮੀਖ ਲੋਕ ਵੀ ਪੜ੍ਹ ਸਕਣ। ਵਿਸ਼ੇ ਤਾਂ ਇਹੋ ਜਿਹੇ ਬਥੇਰੇ ਨੇ — ਫ਼ੌਜਾਂ ਦੇ ਪੇਸ਼ ਐਸ, ਬੇਈਮਾਨ ਗੱਪਬਾਜ਼ਾਂ ਬਾਰੇ ਲਿਖ — ਪਰ ਮੈਂ ਤਾਂ ਆਖੇ ਕੀ ਕਿਉਂ ਇਹ ਤੇਰੇ ਵਸਦੀ ਗੱਲ ਨੀ ਲਗਦੀ।"

"ਤਾ ਗੱਪ ਮਾਰਨ ਵਾਲਿਆਂ ਦੇ ਤਾਂ ਮੈਂ ਦੰਦ ਖੱਟੇ ਕਰਨਾਂ।" ਉਸ ਨੇ ਜੋਸ਼ ਭਰੀ ਉਡਾਰੀਆਂ ਕਿਹਾ।

"ਕੀ ਲਿਖ ਕੇ ਦੰਦ ਖੱਟੇ ਕਰਨੈ?"

"ਸ਼ਾਹ ਮੁਹੰਮਦਾ ਇੱਕ ਤਾਂ ਗੱਪ ਮਾਰਨ
ਇੱਕ ਮਾਰਦੇ ਗੱਪ ਦੀ ... ... ... ਸੀਆਂ।" ਤੇ ਉਹ ਖੀ ਖੀ ਕਰਕੇ ਹੱਸਿਆ।

"ਓ ਦਰਵਿੰਦੇ ਮੂੰਹ ਐਹੋ ਜਿਹੀ ਪਤਰਕਾਰੀ ਦੇ, ਤੂੰ ਤਾਂ ਹੱਦ ਹੀ ਮੁਕਾਈ ਜਾਨੈਂ।"

ਪਰ ਉਸ ਨੇ ਖੀ ਖੀ ਕਰਦੇ ਨੇ ਹੀ ਪਾ ਲਏ ਸਨ ਤੇ ਹਨੇਰਾ ਵਾਂਗ ਉਹ ਕਾਹਲੀ ਕਾਹਲੀ ਹੱਥ ਹਿਲਾ ਕੇ ਬਾਹਰ ਵਾਹਰ ਹੋ ਗਿਆ।

# ਕਾਨੂੰਨ ਦੀ ਉਲੰਘਣਾ

— ਕੁਲਵੰਤ ਸਰੋਤਾ

ਨੀਲੇ ਰੰਗ ਦਾ ਟੈਂਪੂ ਦੂਰੋਂ ਆਉਂਦਾ ਨਜ਼ਰੀਂ ਪਿਆ ਅਤੇ ਸੋਹਣ ਸਾਹਮਣੇ ਘਰ ਦੇ ਪਹੇ ਤੇ ਰੁਕ ਗਿਆ। ਵਿਚੋਂ ਕੁੱਝ ਬੰਦੇ ਨਿਕਲੇ ਤੇ ਕਾਹਲੀ ਕਾਹਲੀ ਪੈਰ ਪੁੱਟਦੇ, ਦਰਵਾਜ਼ੇ ਨੂੰ ਪਾਣੀ ਲਾ ਰਹੇ ਨਾਈ ਵੱਲ ਨੂੰ ਹੋ ਤੁਰੇ। ਇਕ ਨੇ ਜਾਂਦੇ ਹੀ ਉਸ ਦੇ ਵਾਲਾਂ ਤੇ ਦੋ ਜੜ ਦਿੱਤੀਆਂ, ਦੂਸਰੇ ਨੇ ਤਾਬੜ ਤੋੜ ਕਰਦੇ ਦੋ ਤਿੰਨ ਉਸ ਦੇ ਮੋਰਾਂ ਤੇ ਹੋਰ ਦਿੱਤੇ, ਤੀਸਰੇ ਨੇ ਲਾਗਦੇ ਹੀ ਹੱਥ ਉਸ ਦਰਵਾਜ਼ੇ ਨੂੰ ਦੇਸਾਂ ਤੋਂ ਫੜ ਧਰੂ ਸੁੱਟਿਆ।

ਘਰ ਦੇ ਤੌੜ 'ਚ ਉਸ ਨੂੰ ਖਿਚਾਇਆ ਹੋਇਆ ਸੀ। ਕਾਫੀ ਕੁਟਾਪਾ ਉਸ ਨੂੰ ਚੜ੍ਹ ਚੁੱਕਿਆ ਸੀ। ਸੂਤਲੀ ਵਾਲੇ ਮੰਜੇ ਤੇ ਚੰਗੇ ਸਰਦੇ ਪੁੱਜਦੇ ਤਿੰਨ ਚੌਧਰੀ ਬੈਠੇ ਸਨ ਤੇ ਅੱਧ ਪਚਾਏ ਸਣ ਦੇ ਮੰਜੇ ਤੇ ਉਹੀ ਬੰਦੇ ਜੋ ਟੈਂਪੂ ਚੋਂ ਉਤਰੇ ਸਨ। ਉਹ ਨਾਈ ਦੋਹਾਂ ਮੰਜਿਆਂ ਦੇ ਵਿਚਕਾਰ ਥੱਲੇ ਬੈਠਾ ਹੋਇਆ ਸੀ। ਉਸ ਦੇ ਕੋਲ ਹੀ ਤਿੰਨ ਚਾਰ ਮੱਟੀਆਂ, ਘੜੇ ਤੇ ਕੁੱਝ ਬੋਤਲਾਂ ਖਾਲੀ ਤੇ ਭਰੀਆਂ ਹੋਈਆਂ ਪਈਆਂ ਸਨ।

ਸੌਦਾ ਤੈਅ ਹੋ ਗਿਆ ਸੀ। ਸੋਫ਼ੇ ਤੇ ਫੁੱਲ ਵਾਲੀ ਕਮੀਜ਼ ਵਾਲਾ ਟੈਂਪੂ ਚੋਂ ਉਤਰਿਆ ਆਦਮੀ ਪੂਰੇ ਰਾਗਾਂ ਸੋ ਤੇ ਮਾਹਿਰਆ ਹੋਇਆ ਸੀ। ਇਕ ਚੌਧਰੀ ਉੱਠ ਉਸ ਨੂੰ ਬਾਹੋਂ ਫੜ, ਇੱਕਲਾ ਲਿਜਾ ਕੇ ਬੋਲਿਆ "ਚੱਲ ਅਸੀਂ ਇਕ ਵੋਟ ਘੱਟ ਲੈ ਲਾਂਗੇ। ਅੱਠ ਤੇਰੇ ਤਿੰਨ ਸਾਡੇ ਗਿਆਰਾਂ ਵੋਟ ਨੂੰ ਉਹ ਤਿਆਰ ਸੀ....।"

"ਚੰਗਾ ਚੌਧਰੀ ਜੀ ਜਿਵੇਂ ਤੁਸੀਂ ਰਾਜ਼ੀ" ਥੋੜ੍ਹਾ ਰਫ਼ਾ ਤਾਂ ਮਾਰ ਜਾਈਏ।

"ਕਮੀਨ ਨਜਾਇਜ਼ ਕੰਮ ਕਰਦਾ ..... ਪਤਾ ਨਹੀਂ ਇਹ ਕਾਨੂੰਨ ਦੀ ਉਲੰਘਣਾ ਹੈ...... ਚੌਧਰੀ ਹੱਸਾਂ ਕਰਕੇ ਛੱਡ ਚਲੇ ਆਂ....."


# INCOME

**CAN YOU LIVE WITHOUT IT?**

A disabling accident
or crippling sickness
can quickly use up savings.

For a program of income
replacement to suit your needs,

call

**San Minhas**
Assistant Manager

Bus. 682-8531
Res. 271-1248



**SAN MINHAS**

**Excelsior life**

Suite 510, 1333 West Georgia Street
Vancouver, B.C. V6E 3K5

# ਇੰਡੋ-ਕਨੇਡੀਅਨ ਦੀ ਸ਼ਰਧਾਂਜਲੀ ਬਾਰੇ ਸਾਡੇ ਵਿਚਾਰ

ਸਰੀ ਬੀ.ਸੀ ਵਿਚੋਂ ਨਿਕਲਦੇ ਹਫਤਾਵਾਰ ਅਖ਼ਬਾਰ "ਇੰਡੋ-ਕੈਨੇਡੀਅਨ" ਦੇ ਅੰਕ 18 ਵਿਚ 'ਸ਼ਰਧਾਂਜਲੀ' ਸ਼ਹੀਦ ਸੁੱਚਾ ਸਿੰਘ (ਹੇਅਰ) ਨਾਂ ਦੇ ਸਿਰਲੇਖ ਹੇਠਲੇ ਆਰਟੀਕਲ ਵਿਚੋਂ ਇਹ ਹੇਠਲਾ ਪੈਰਾ ਦੇ ਰਹੇ ਹਾਂ।

(ਪਿਛਲੇ ਸਾਲ ਅਗਸਤ ਦੇ ਪਹਿਲੇ ਹਫ਼ਤੇ ਸਰਦਾਰ ਸੁੱਚਾ ਸਿੰਘ ਦੇ ਭਰਾ ਵਲੋਂ ਇਕ ਫੋਟੋ ਮੈਨੂੰ ਪਰਚੇ ਵਿਚ ਛਾਪਣ ਲਈ ਦਿਤੀ ਗਈ ਸੀ ਮੈਂ ਉਸ ਸਮੇਂ ਇਕ ਮਾਹਵਾਰੀ ਸਾਹਿਤਕ ਪਰਚੇ ਦਾ ਪਬਲਿਸ਼ਰ ਸਾਂ।

ਉਹ ਫੋਟੋ ਤੇ ਸੂਚਨਾ ਮੈਂ ਉਸ ਸਮੇਂ ਉਸ ਪਰਚੇ ਦੇ ਐਡੀਟਰ ਨੂੰ ਦੇ ਦਿਤੀ ਪਰ ਬੜੀ ਸ਼ਰਮ ਦੀ ਗਲ ਹੈ ਕਿ ਉਸ ਐਡੀਟਰ ਨੇ ਚਾਰ ਹਫਤੇ ਫੋਟੋ ਤੇ ਆਰਟੀਕਲ ਲੰਗੋਟੀ ਲੜ ਬੰਨੀ ਰਖਿਆ ਤੇ ਉਪਰ ਰੀਜੈਕਟਡ ਲਿਖ ਦਿਤਾ। ਕਿੰਨੀ ਸ਼ਰਮ ਦੀ ਗਲ ਹੈ

ਕਿ ਆਪਣੇ ਆਪਨੂੰ ਇਕ ਕਰਾਂਤੀਕਾਰ ਕਹਾਉਣ ਵਾਲੇ ਇਸ ਬੰਦੇ ਨੇ ਅੰਕ ਦੇ ਅੰਕ ਆਜਾਦੀ ਪ੍ਰਾਪਤ ਕਰਨ ਵਾਲਿਆਂ ਲਈ ਤਾ ਸਮਰਪਨ ਕੀਤੇ ਹਨ ਪਰ ਮਿਲੀ ਹੋਈ ਆਜਾਦੀ ਨੂੰ ਬਚਾਉਣ ਲਈ ਜਾਨਾਂ ਕੁਰਬਾਨ ਕਰਨ ਵਾਲਿਆਂ ਲਈ ਇਕ ਲਫਜ ਤਕ ਲਿਖਣ ਤੋਂ ਸੰਕੋਚ ਕਰਦਾ ਹੈ। ਫਿਰ ਉਸ ਆਦਮੀ ਦੀ ਨਾ ਹਿੰਗ ਲਗੇ ਨਾ ਫਟਕੜੀ ਪਬਲਿਸ਼ਰ ਮੈਂ ਸਾਂ। ਭਾਵੇ ਭਾਰਤ ਪਾਕਿਸਤਾਨ ਦੀ ਲੜਾਈ ਵਿਚ ਦੋਹਾਂ ਦੇਸ਼ਾਂ ਦੀ ਜਨਤਾ ਦਾ ਕੋਈ ਕਸੂਰ ਨਹੀਂ ਸੀ ਪਰ ਫਿਰ ਆਜਾਦੀ ਕਾਇਮ ਰਖਣ ਲਈ ਜਾਨਾ ਕੁਰਬਾਨ ਕਰ ਚੁਕੇ ਨੌਜਵਾਨਾ ਦੀ ਖਬਰ ਵੀ ਪਰਚੇ ਵਿਚ ਦੇਣ ਤੋਂ ਰੀਜੈਕਟ ਕਰ ਦੇਣੀ, ਉਸਦੇ ਚਿਹਰੇ ਤੋਂ ਨਕਾਬ ਉਤਾਰ ਦਿੰਦਾ ਹੈ। ਮੈਂ ਸ਼ਹੀਦਾਂ ਪ੍ਰਤੀ ਉਸ ਨਕਾਬਪੋਸ਼ ਬੋਹਰੂਪੀਏ ਵਲੋਂ ਹੋਏ ਨਿਰਾਦਰ ਦੀ ਸ. ਸੁੱਚਾਸਿੰਘ ਹੋਰਾਂ ਦੇ ਪਰਵਾਰ ਤੋਂ ਮੁਆਫੀ ਮੰਗਦਾ ਹਾਂ। ਜੋ ਕੌਮ ਆਪਣੀ ਸ਼ਹੀਦਾਂ ਲਈ ਸ਼ਰਧਾ ਭੁਲਾ ਦਿੰਦੀ ਹੈ, ਉਹ ਬਹੁਤੀ ਦੇਰ ਜਿੰਦਾ ਨਹੀਂ ਰਹਿ ਸਕਦੀ।)

(ਸੰਪਾਦਕ)

(Indo-Canadian Times Sept.8,1978)

ਭਾਰਤ-ਪਾਕਿਸਤਾਨ ਦੀ 1965 ਦੀ ਲੜਾਈ ਵਿਚ ਸ਼ਹੀਦ ਹੋਏ ਸਿੱਖ ਨੌਜਵਾਨ ਸਰਦਾਰ ਸੁੱਚਾ ਸਿੰਘ ਹੇਅਰ ਦੀ ਫੋਟੋ ਥੱਲੇ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਲਈ ਤੇ 1965 ਦੀ ਲੜਾਈ ਦਾ ਇਤਿਹਾਸ ਦੇਣ ਲਈ ਸੰਪਾਦਕ ਨੇ ਕੁੱਲ 174 ਸ਼ਬਦ ਵਰਤੇ ਹਨ ਪਰ 'ਵਤਨੋਂ ਦੂਰ' ਦੇ ਐਡੀਟਰ ਨੂੰ ਸ਼ਰਮ ਦੁਆਣ ਲਈ ਤੇ ਆਪਣੇ ਆਪ ਨੂੰ ਮਹਾਨ ਸਾਬਤ ਕਰਨ ਲਈ 208 ਸ਼ਬਦ ਵਰਤੇ ਗਏ ਹਨ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਦੋ ਸੌ ਅੱਠ ਸ਼ਬਦਾਂ ਵਿਚ ਇਕ ਸ਼ਬਦ ਵੀ ਇਸ ਬਾਰੇ ਨਹੀਂ ਕਿ "ਵਤਨੋਂ ਦੂਰ" ਦੇ ਐਡੀਟਰ (ਜਿਸ ਦੀ "ਹਿੰਗ ਲੱਗੇ ਨਾ ਫਟਕੜੀ"?) ਨੇ ਇਹ ਫੋਟੋ ਤੇ ਦਸ ਡਾਲਰ ਵਾਪਸ ਕਿਉਂ ਕੀਤੇ। ਇਹ ਗੱਲ ਸਾਫ ਕਰਨ ਲਈ ਕਿ ਵਤਨੋਂ ਦੂਰ ਵਿਚ ਫੋਟੋ ਕਿਉਂ ਨਹੀਂ ਸੀ ਦਿੱਤੀ ਗਈ ਸਾਨੂੰ "ਇੰਡੋ-ਕੈਨੇਡੀਅਨ" ਦੀਆਂ ਇਹਨਾਂ ਕੋਝੀਆਂ ਸਤਰਾਂ ਦਾ ਇਸ ਵਾਰ ਨੋਟਿਸ ਲੈਣਾ ਪਿਆ ਹੈ। ਉਂਞ "ਇੰਡੋ-ਕੈਨੇਡੀਅਨ" ਦੇ ਹਰ ਅੰਕ ਵਿਚ ਸਾਨੂੰ ਜਾਂ ਕਿਸੇ ਦੇ ਹੋਰ ਪਰਚਿਆਂ ਨੂੰ ਬੜੇ ਨੀਵੇਂ ਪੱਧਰ ਦੀਆਂ ਗਾਲ੍ਹਾਂ ਕੱਢੀਆਂ ਹੁੰਦੀਆਂ ਹਨ ਜਿਹੜੀਆਂ ਕਿ ਅਸੀਂ ਦੇਖਕੇ ਅਣ-ਡਿੱਠ ਕਰ ਦਿੰਦੇ ਰਹੇ ਕਿਉਂਕਿ ਹਰ ਕੋਈ ਉਸ ਪੱਧਰ ਦੀਆਂ ਗੱਲਾਂ ਨਹੀਂ ਕਰ ਸਕਦਾ।

ਸਾਨੂੰ ਸਰਦਾਰ ਸੁੱਚਾ ਸਿੰਘ ਹੇਅਰ ਤੇ ਉਹਨਾਂ ਵਰਗੇ ਹਜ਼ਾਰਾਂ ਨੌਜਵਾਨਾਂ ਤੇ ਮਾਣ ਹੈ ਜਿਹਨਾਂ ਨੇ ਦੇਸ਼ ਲਈ ਲੜਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਤੇ ਅਸੀਂ ਉਹਨਾਂ ਦੀਆਂ ਮਹਾਨ ਰਸਮਾਂ ਨੂੰ ਲੋਕਾਂ ਤੱਕ ਪਹੁੰਚਾਣਾ ਵੀ ਚਾਹੁੰਦੇ ਹਾਂ, ਤਾਂ ਕਿ ਲੋਕ ਆਪਣੇ ਦੇਸ਼ ਤੇ ਕੌਮ 'ਤੇ ਮਾਣ ਕਰ ਸਕਣ। ਪਰ ਹਰ ਗੱਲ ਕਰਨ ਦਾ ਆਪੋ ਆਪਣਾ ਤਰੀਕਾ ਹੁੰਦਾ ਹੈ। ਅਸੀਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇਣ ਦੇ ਹੱਕ ਵਿਚ ਹਾਂ, ਉਹਨਾਂ ਨਾਲ ਮਖੌਲ ਕਰਨ ਦੇ ਹੱਕ ਵਿਚ ਨਹੀਂ। "ਵਤਨੋਂ ਦੂਰ" ਵਿਚ ਸਰਦਾਰ ਸੁੱਚਾ ਸਿੰਘ ਦੀ ਫੋਟੋ ਤੇ 'ਖਬਰ' ਦਸ ਡਾਲਰਾਂ ਬਦਲੇ, ਦੇਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਗਿਆ ਸੀ ਕਿ 'ਵਤਨੋਂ ਦੂਰ' ਇਕ ਸਾਹਿਤਕ ਪਰਚਾ ਹੈ ਜਿਹਦੇ ਵਿਚ ਪੈਸੇ ਲੈਕੇ ਖਬਰਾਂ ਛਾਪਣ ਦੀ ਕੋਈ ਥਾਂ ਨਹੀਂ ਤੇ ਖਾਸ ਕਰਕੇ ਖਬਰ ਜਿਹੜੀ ਬਾਰਾਂ ਤੇਰਾਂ ਸਾਲ ਪੁਰਾਣੀ ਹੋਵੇ। ਅਸੀਂ ਉਸ ਸਮੇਂ ਦੇ ਪਬਲਿਸ਼ਰ ਤਾਰਾ ਸਿੰਘ ਹੇਅਰ ਨੂੰ ਇਹ ਸੁਝਾਅ ਦਿੱਤਾ ਸੀ ਕਿ ਚੰਗੀ ਗੱਲ ਇਹ ਹੈ ਕਿ 1965 ਦੀ ਲੜਾਈ ਬਾਰੇ ਕੋਈ ਲੇਖ ਹੋਵੇ, ਜਿਹਦੇ ਵਿਚ 'ਦੋ ਸਿੱਖ' ਰਜਮੈਂਟ ਦੇ ਸਿਪਾਹੀਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਆਉਂਦਾ ਹੋਵੇ, ਤੇ ਸੁੱਚਾ ਸਿੰਘ ਹੇਅਰ ਦੀ ਕੁਰਬਾਨੀ ਤੇ ਸ਼ਾਨ ਆਪਣੇ ਆਪ ਉਸ ਲੇਖ ਵਿਚੋਂ ਉਭਰੇ। ਜਾਂ ਫਿਰ ਸੁੱਚਾ ਸਿੰਘ

ਠੇਅਰ ਦੇ ਜੀਵਨ ਬਾਰੇ ਜਾਣਕਾਰੀ ਭਰਪੂਰ ਲੇਖ ਹੋਵੇ, ਜਿਹਦੇ ਵਿਚ ਉਹਨਾਂ ਦੇ ਜੀਵਨ ਵਿਚ ਕੀਤੇ ਕੰਮਾਂ ਬਾਰੇ ਤੇ ਉਹਨਾਂ ਦੀ ਮੌਤ ਬਾਰੇ ਲਿਖਿਆ ਜਾਵੇ। ਪਰ ਉਂਞ ਹੀ, ਉਹਨਾਂ ਦੇ ਕਿਸੇ ਰਿਸ਼ਤੇਦਾਰ ਦੇ ਕਹੇ, ਦਸ ਡਾਲਰ ਲੈਕੇ ਉਹਨਾਂ ਦੀ ਫੋਟੋ ਛਾਪ ਦੇਣੀ ਇਹ ਗੱਲ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਤਾਂ ਭਾਵੇਂ ਕੋਈ ਤਸੱਲੀ ਰੱਖਦੀ ਹੋਵੇ, ਪਰ 'ਦੋ ਸਿੱਖ' ਰਜਮੈਂਟ ਤੇ 1965 ਦੀ ਲੜਾਈ 'ਚ ਸ਼ਹੀਦ ਹੋਏ ਹੋਰ ਸਿਪਾਹੀਆਂ ਨਾਲ ਇਹ ਜ਼ਰੂਰ ਬੇਇਨਸਾਫ਼ੀ ਵਾਲੀ ਗੱਲ ਹੈ। ਕੀ ਉਹਨਾਂ ਦੇ ਰਿਸ਼ਤੇਦਾਰ ਵੀ ਕੱਲੇ ਕੱਲੇ ਦਸ ਡਾਲਰ ਤੇ ਫੋਟੋ 'ਵਤਨੋਂ ਦੂਰ' ਨੂੰ ਭੇਜਣ? ਜਾਂ ਕਿ ਉਹ ਵੀ ਆਪਣਾ ਕੋਈ ਪਰਚਾ ਜਾਰੀ ਕਰਨ ਤਾਂ ਕਿ ਉਹਨਾਂ ਸ਼ਹੀਦਾਂ ਨੂੰ ਵੀ ਸ਼ਰਧਾਂਜਲੀਆਂ ਦਿੱਤੀਆਂ ਜਾ ਸਕਣ।

ਇਕ ਸਾਹਿਤਕ ਪਰਚੇ ਤੇ ਅਖਬਾਰ ਵਿਚ ਫਰਕ ਹੁੰਦਾ ਹੈ। ਤੇ ਇਸ ਫਰਕ ਨੂੰ ਹਰ ਕੋਈ ਸਮਝਦਾ ਵੀ ਹੈ ਤੇ ਇਸੇ ਕਰਕੇ ਹੀ ਅਖਬਾਰਾਂ ਤੇ ਪਰਚੇ ਵੱਖਰੇ ਵੱਖਰੇ ਨਿਕਲਦੇ ਹਨ। ਜੇ ਸਾਹਿਤਕ ਪਰਚਾ ਅਖਬਾਰ ਦਾ ਕੰਮ ਵੀ ਦੇ ਸਕੇ ਜਾਂ ਅਖਬਾਰ ਸਾਹਿਤਕ ਪਰਚੇ ਦਾ, ਤਾਂ ਫਿਰ ਇਹਨਾਂ ਦੋਨਾਂ ਦੀ ਜਗ੍ਹਾ ਕੋਈ ਇਕੋ ਚੀਜ਼ ਹੁੰਦੀ। ਸਾਰੀਆਂ ਜਲੰਧਰੋਂ ਨਿਕਲਦੀਆਂ ਪੰਜਾਬੀ ਦੀਆਂ ਮਸ਼ਹੂਰ ਅਖਬਾਰਾਂ ਕਾਫੀ ਸਾਹਿਤਕ ਰਚਨਾਵਾਂ ਵੀ ਛਾਪਦੀਆਂ ਹਨ, ਪਰ ਫੇਰ ਵੀ ਦਰਜਨਾਂ ਦੀ ਗਿਣਤੀ ਵਿਚ ਹਰ ਮਹੀਨੇ ਸਾਹਿਤਕ ਪਰਚੇ ਛਪਦੇ ਹਨ। 'ਵਤਨੋਂ ਦੂਰ' ਇਕ ਨਿਰੋਲ ਸਾਹਿਤਕ ਪਰਚਾ ਹੈ। ਜੇ ਇਹ ਇਕ ਅਖਬਾਰ ਹੁੰਦੀ ਤਾਂ ਸਾਨੂੰ ਇਹ ਫੋਟੋ ਤੇ ਖਬਰ ਛਾਪਣ ਵਿਚ ਕੋਈ ਇਤਰਾਜ਼ ਨਾ ਹੁੰਦਾ। ਜਿਵੇਂ ਕਿ 'ਇੰਡੋ-ਕੈਨੇਡੀਅਨ' ਨੇ ਇਹ ਛਾਪੀ ਹੈ। ਅਸੀਂ ਸਮਝਦੇ ਹਾਂ ਕਿ ਉਹਨਾਂ ਦਾ ਇਹ ਇਕ ਚੰਗਾ ਕੰਮ ਹੈ। ਸਾਡਾ ਇਤਰਾਜ਼ ਸਿਰਫ 'ਵਤਨੋਂ ਦੂਰ' ਦੇ ਖਿਆਲਾਂ ਨੂੰ ਗਲਤ ਪੇਸ਼ ਕਰਨ ਉਤੇ ਹੈ। ਹਾਂ ਇਕ ਗੱਲ ਅਸੀਂ 'ਇੰਡੋ-ਕੈਨੇਡੀਅਨ' ਤੋਂ ਜ਼ਰੂਰ ਪੁੱਛਣੀ ਚਾਹਾਂਗੇ, ਉਹ ਇਹ, ਕਿ 'ਇੰਡੋ-ਕੈਨੇਡੀਅਨ' ਦੇ ਪਹਿਲੇ ਅੰਕ ਦੇ ਪਹਿਲੇ ਐਡੀਟੋਰੀਅਲ "ਵਿਚਾਰ" ਦੇ ਪਹਿਲੇ ਪਹਿਰੇ ਦੀਆਂ ਆਖਰੀ ਲਾਇਨਾਂ ਵਿਚ ਉਹਨਾਂ ਇਹ ਖਿਆਲ ਜ਼ਾਹਿਰ ਕੀਤਾ ਹੈ ਕਿ ਇਸ ਪਰਚੇ ਦੇ ਘੇਰੇ ਵਿਚ ਇਕੱਲੇ ਭਾਰਤੀ [illegible] ਸਗੋਂ ਸਾਰੇ ਏਸ਼ੀਆਈ, ਅਫਰੀਕਨ ਤੇ ਵੈਸਟ ਇੰਡੀਜ਼ ਵੀ ਆਉਣਗੇ। ਭਾਰਤ-ਪਾਕਿਸਤਾਨ ਦੀਆਂ ਲੜਾਈਆਂ ਵਿਚ ਕੁਦਰਤੀ ਤੌਰ ਤੇ ਪਾਕਿਸਤਾਨ ਦੇ ਪਾਸਿਉਂ ਵੀ ਸ਼ਹੀਦ ਹੋਏ ਹੋਣਗੇ। ਕੀ ਹੁਣ 'ਇੰਡੋ-ਕੈਨੇਡੀਅਨ' ਉਹਨਾਂ ਦੀਆਂ ਤਸਵੀਰਾਂ ਤੇ ਖਬਰਾਂ ਵੀ ਛਾਪੇਗਾ? ਤੇ ਇਕ ਗੱਲ ਹੋਰ- ਪਿਛਲੇ ਸਾਲ, ਜਦੋਂ ਵਤਨੋਂ ਦੂਰ ਨੂੰ ਇਹ ਫੋਟੋ ਦਿੱਤੀ ਗਈ ਸੀ ਤਾਂ ਸ਼ਹੀਦ ਦਾ ਨਾਂ ਸੁੱਚਾ ਸਿੰਘ ਠੇਅਰ ਸੀ ਤੇ ਹੁਣ ਉਹ ਇਕੱਲੇ ਸੁੱਚਾ ਸਿੰਘ ਰਹਿ ਗਏ। ਕੀ ਸ਼ਹੀਦਾਂ ਦੇ ਨਾਂ ਵੀ ਬਦਲੇ ਜਾ ਸਕਦੇ ਹਨ?

ਇਥੇ ਅਸੀਂ ਇਕ ਗੱਲ ਸਪੱਸ਼ਟ ਕਰ ਦੇਣੀ ਚਾਹੁੰਦੇ ਹਾਂ। ਅਸੀਂ ਜਿਹੜਾ ਇਹ 'ਇੰਡੋ-ਕੈਨੇਡੀਅਨ' ਦਾ ਜਵਾਬ ਦੇ ਰਹੇ ਹਾਂ ਇਸ ਤੋਂ ਅਸੀਂ ਇਹ ਪ੍ਰਭਾਵ ਨਹੀਂ ਪਾਉਣਾ ਚਾਹੁੰਦੇ ਕਿ ਉਹਨਾਂ ਨੂੰ ਜਾਂ ਹੋਰ ਵੀ ਕਿਸੇ ਨੂੰ 'ਵਤਨੋਂ ਦੂਰ' ਬਾਰੇ ਕੁਝ ਕਹਿਣ ਦਾ ਕੋਈ ਹੱਕ ਨਹੀਂ। ਹਰ ਕਿਸੇ ਨੂੰ ਪੂਰਾ ਪੂਰਾ ਹੱਕ ਹੈ 'ਵਤਨੋਂ ਦੂਰ' ਤੇ ਆਲੋਚਨਾ ਕਰਨ ਦਾ, ਪਰ ਆਲੋਚਨਾ ਦਾ ਕੋਈ ਮਿਆਰ ਹੋਣਾ ਚਾਹੀਦਾ ਹੈ, ਕੋਈ ਤਰੀਕਾ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਨਹੀਂ ਕਿ ਜਿਵੇਂ ਵੀ ਉਹਨਾਂ ਨੂੰ ਸੁਤ ਲੱਗਾ ਦੋ ਚਾਰ ਨਾਲ ਲਗਦੀਆਂ 'ਵਤਨੋਂ ਦੂਰ' ਨੂੰ ਵੀ ਸੁਣਾ ਦਿੱਤੀਆਂ। ਇਸ ਲੇਖ ਦੇ ਸ਼ੁਰੂ ਵਿਚ ਅਸੀਂ ਜਿਹੜੀ ਅੱਖਰਾਂ ਦੀ ਗਿਣਤੀ ਕਰਕੇ ਲਿਖੀ ਹੈ ਉਸਦਾ ਮਕਸਦ ਇਹ ਹੀ ਦਰਸਾਉਣਾ ਹੈ ਕਿ ਕਿੰਨਾ ਚੰਗਾ ਹੁੰਦਾ ਜੇ ਉਹਨਾਂ ਨੇ ਇਹ ਸ਼ਕਤੀ ਵੀ ਸ਼ਹੀਦ ਬਾਰੇ ਤੇ 1965 ਦੀ ਲੜਾਈ ਬਾਰੇ ਲੋਕਾਂ ਨੂੰ ਦੱਸਣ ਤੇ ਲਾਈ ਹੁੰਦੀ। 'ਸ਼ਰਧਾਂਜਲੀ' ਦੇ ਸਿਰਲੇਖ ਹੇਠ ਬਹੁਤਾ ਥਾਂ ਕਿਸੇ ਹੋਰ ਤੇ ਖਿੱਝ ਲਾਹੁਣ ਲਈ ਵਰਤਣਾ ਇੰਞ ਲਗਦਾ ਹੈ ਜਿਵੇਂ ਸ਼ਹੀਦ ਦੀ ਬੇਅਦਬੀ ਕੀਤੀ ਗਈ ਹੋਵੇ।

—ਸਾਧੂ

"ਵਤਨੋਂ ਦੂਰ" ਵਿਚ ਕਿਸੇ ਤਰ੍ਹਾਂ ਦੀ ਐਡਵਰਟਾਈਜ਼ ਦੇਣੀ ਹੋਵੇ ਜਾਂ ਹੋਰ ਜਾਣਕਾਰੀ ਵਾਸਤੇ ਰਣਜੀਤ ਘੁਮਾਣ ਨੂੰ ਫੋਨ ਕਰੋ।
ਫੋਨ: 321-6081

## ਪੰਜਾਬੀ ਲਿਟਰੇਰੀ ਐਸੋਸੀਏਸ਼ਨ·

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀਆਂ ਸਤੰਬਰ ਮਹੀਨੇ ਦੀਆਂ ਮੀਟਿੰਗਾਂ ਦੱਸ ਅਤੇ ਤਈ ਸਤੰਬਰ ਨੂੰ ਫਰੇਜ਼ਰਵਿਊ ਨੇਬਰਹੁੱਡ ਹਾਊਸ ਵਿਖੇ ਹੋਈਆਂ। ਸਤੰਬਰ ਦੱਸ ਦੀ ਮੀਟਿੰਗ ਦਾ ਅਰੰਭ ਗਿਆਨ ਚੋਹਾਨ ਵੱਲੋਂ ਗੁਰਚਰਨ ਰਾਮਪੁਰੀ ਨੂੰ ਪੁੱਛੇ ਗਏ ਇਕ ਸੁਆਲ ਨਾਲ ਹੋਇਆ। ਜਿਸ ਵਿਚ ੨ ਸਤੰਬਰ ਨੂੰ ਹੋਏ ਕਵੀ ਦਰਬਾਰ ਬਾਰੇ ਇੰਡੋ-ਕੈਨੇਡੀਅਨ 'ਚ ਛਪੇ ਇਸ਼ਤਿਹਾਰ, ਜਿਸ ਵਿਚ ਕਵੀ ਦਰਬਾਰ ਬਾਰੇ ਹੋਰ ਪੁੱਛ ਗਿੱਛ ਲਈ ਗੁਰਚਰਨ ਰਾਮਪੁਰੀ ਅਤੇ [illegible] (ਜੋ ਸਭਾ ਦਾ ਮੈਂਬਰ ਨਹੀਂ) ਦੇ ਨਾਂ ਅਤੇ ਫੋਨ ਨੰਬਰ ਦਿੱਤੇ ਗਏ। ਜਦੋਂ ਕਿ ਸਭਾ ਵੱਲੋਂ ਕਵੀ ਦਰਬਾਰ ਬਾਰੇ ਦਿੱਤੇ ਗਏ ਇਸ਼ਤਿਹਾਰ ਵਿਚ ਪੁੱਛ ਗਿੱਛ ਲਈ ਨਾਂ ਪ੍ਰਧਾਨ (ਅਜਮੇਰ ਰੋਡੇ) ਸਕੱਤਰ (ਸੁਖਵੰਤ ਹੁੰਦਲ) ਅਰਥ ਸਕੱਤਰ (ਸ਼ਮਸ਼ੇਰ ਭੱਟੀ) ਵਿਚੋਂ ਇਕ ਜਾਂ ਸਾਰਿਆਂ ਦੇ ਦੇਣ ਦਾ ਫੈਸਲਾ ਕੀਤਾ ਗਿਆ ਸੀ। ਇਸ ਦੇ ਜੁਆਬ ਵਿਚ ਗੁਰਚਰਨ ਰਾਮਪੁਰੀ ਨੇ ਕਿਹਾ ਕਿ ਉਨ੍ਹਾਂ ਇੰਡੋ-ਕਨੇਡੀਅਨ ਦੇ ਸੰਪਾਦਕ ਨੂੰ ਸਭਾ ਵੱਲੋਂ ਛਪਿਆ ਇਸ਼ਤਿਹਾਰ ਦਿੱਤਾ ਸੀ ਜਿਸ ਵਿਚ ਪ੍ਰਧਾਨ, ਸਕੱਤਰ ਤੇ ਅਰਥ ਸਕੱਤਰ ਦੇ ਨਾਂ ਸਨ। ਉਨ੍ਹਾਂ ਦੱਸਿਆ ਕਿ ਨਾਵਾਂ ਦੀ ਬਦਲੀ ਸੰਪਾਦਕ ਇੰਡੋ-ਕਨੇਡੀਅਨ ਨੇ ਬਿਨਾਂ ਉਨ੍ਹਾਂ ਦੀ ਜਾਣਕਾਰੀ ਦੇ ਕੀਤੀ ਹੈ। ਇਸ ਪਿਛੋਂ ਸਭਾ ਨੇ ਰਾਮਪੁਰੀ ਨੂੰ ਸੁਝਾਅ ਦਿੱਤਾ ਕਿ ਉਹ ਇੰਡੋ-ਕਨੇਡੀਅਨ ਦੇ ਸੰਪਾਦਕ ਨੂੰ ਇਸ ਗੈਰਜ਼ਿੰਮੇਵਾਰਾਨਾ ਢੰਗ ਨਾਲ ਦਿੱਤੇ ਇਸ਼ਤਿਹਾਰ ਦੀ ਸੋਧ ਲਈ ਲਿਖਣ, ਜੋ ਉਨ੍ਹਾਂ ਕਿਹਾ ਉਹ ਲਿਖਣਗੇ।

ਇਸ ਪਿਛੋਂ ੨ ਸਤੰਬਰ ਦੇ ਹੋਏ ਕਵੀ ਦਰਬਾਰ, ਆਲੋਚਨਾ ਅਤੇ ਅਗਾਂਹ ਨੂੰ ਕਰਵਾਏ ਜਾ ਰਹੇ ਪ੍ਰੋਗਰਾਮਾਂ ਲਈ ਮੈਂਬਰਾਂ ਵੱਲੋਂ ਹੇਠ ਲਿਖੇ ਸੁਝਾਅ ਦਿੱਤੇ ਗਏ:-

1. ਐਡਵਰਟਾਇਜ਼ਿੰਗ ਵੱਧ ਹੋਣੀ ਚਾਹੀਦੀ ਹੈ।
2. ਪ੍ਰੋਗਰਾਮ ਲਈ ਹਾਲ ਜਾਣੀ ਪਛਾਣੀ ਥਾਂ ਤੇ ਹੋਣਾ ਚਾਹੀਦਾ ਹੈ।
3. ਫੰਡ ਇਕੱਠੇ ਕਰਨ ਲਈ ਸਰਗਰਮੀ ਕਰਨੀ ਚਾਹੀਦੀ ਹੈ ਤਾਂ ਕਿ ਪ੍ਰੋਗਰਾਮਾਂ ਸਮੇਂ ਕਿਸੇ ਇਕ ਮੈਂਬਰ ਨੂੰ ਆਪਣੇ ਕੋਲੋਂ ਖਰਚ ਨਾ ਕਰਨਾ ਪਵੇ।
4. ਸਭਾ ਵੱਲੋਂ ਹੋਰ ਕਵੀ ਦਰਬਾਰ ਕਰਵਾਏ ਜਾਣੇ ਚਾਹੀਦੇ ਹਨ।

ਇਸ ਪਿਛੋਂ ਗੁਰਚਰਨ ਰਾਮਪੁਰੀ ਨੇ ਆਪਣੀ ਨਜ਼ਮ ਅਤੇ ਸ਼ਮਸ਼ੇਰ ਭੱਟੀ ਨੇ ਆਪਣੀ ਕਹਾਣੀ 'ਮੁਲਾਕਾਤ' ਪੜ੍ਹੀ।

ਸਤੰਬਰ ੨੪ ਦੀ ਮੀਟਿੰਗ ਵਿਚ ਫੈਸਲਾ ਹੋਇਆ ਕਿ ਸਾਹਿਤ ਸਭਾ ਵੱਲੋਂ ਛਪ ਰਹੀ ਕਿਤਾਬ ਨੂੰ ਜਲਦੀ ਆਖਰੀ ਰੂਪ ਵਿਚ ਕਿਸੇ ਅਗਲੀ ਮੀਟਿੰਗ ਵਿਚ ਪੇਸ਼ ਕੀਤਾ ਜਾਵੇ। ਫਿਰ ਸਭਾ ਨੇ ਇੰਡੋ-ਕਨੇਡੀਅਨ ਦੇ ਸੰਪਾਦਕ ਨੂੰ ਕਵੀ ਦਰਬਾਰ ਬਾਰੇ ਛਾਪੇ ਇਸ਼ਤਿਹਾਰ ਦੀ ਸੋਧ ਛਾਪਣ ਲਈ ਇਕ ਖੱਤ ਲਿਖਣ ਦਾ ਫੈਸਲਾ ਕੀਤਾ ਜਿਸ ਦੀ ਜ਼ਿੰਮੇਵਾਰੀ ਜਨਰਲ ਸਕੱਤਰ ਨੂੰ ਸੌਂਪੀ ਗਈ।

ਮੀਟਿੰਗ ਦੇ ਅੰਤ ਵਿਚ ਸਾਧੂ ਨੇ ਆਪਣੀ ਕਵਿਤਾ 'ਜਿ-ਜਨਾ' ਪੜ੍ਹੀ ਅਤੇ ਅਜਮੇਰ ਰੋਡੇ ਨੇ ਆਪਣੇ ਨਾਟਕ 'ਦਵਿੱਤਰ ਨਾਟਕ' ਵਿਚੋਂ ਇਕ ਦ੍ਰਿਸ਼ ਪੜ੍ਹਕੇ ਸੁਣਾਇਆ।

ਸੁਖਵੰਤ ਹੁੰਦਲ

---

# More school for Punjabi kids

Registration for the Fraser Valley Punjabi Language school for children between the ages of six and fourteen, will be on October 2 and 4, 1978 at Cedar Hills Elementary School, 12370-98 Ave, Surrey.

In Ladner on October 3 and 5, at Delta Sr. Secondary School 4615-51 Street Ladner (Delta).

For further information please contact the following persons:
Fraser Valley Office ..................584-3938
Gian Singh Gurcha ..................596-[illegible]
Jarnail Singh Gill ..................584-8688

For Ladner
Harjaib Singh ..................946-4817

*****

We need teachers for our Punjabi Language school. Please contact the association office or Gian Singh Gurcha for applications and more information about the teaching positions. Your services will be most appreciated.

Bachan Buttar
Fraser Valley East Indian Canadian Association
P.O. Box 425 Surrey, B.C.

# ਦਰਪਣ

ਮਤ

ਕੈਨੇਡੀਅਨ ਪੰਜਾਬੀ ਕਹਾਣੀ ਅੰਕ, 'ਵਤਨੋਂ ਦੂਰ' ਦੇ ਹੁਣ ਤੱਕ ਮਿਲੇ ਸਾਰੇ ਅੰਕਾਂ ਵਿਚੋਂ ਸਭ ਤੋਂ ਵਧੀਆ ਅੰਕ ਹੈ। ਮੈਂ ਇਸ ਦੀਆਂ ਕਈ ਕਹਾਣੀਆਂ ਕੱਲ ਅਤੇ ਅੱਜ ਪੜ੍ਹ ਵੀ ਲਈਆਂ ਹਨ। ਸਭ ਤੋਂ ਪਹਿਲਾਂ ਤੇਰੀ ਆਪਣੀ ਕਹਾਣੀ 'ਜੁੱਤੀ ਦੇ ਯਾਰ' ਪੜ੍ਹੀ ਹੈ। ਤੇ ਇਹ ਮੈਨੂੰ ਬੜੀ ਚੰਗੀ ਲੱਗੀ ਹੈ। ਇਸ ਤੋਂ ਇਲਾਵਾ 'ਆਖਰੀ ਦਿਨ', 'ਰੀਝਾਂ ਦੇ ਫੁੱਲ' 'ਸਮੇਂ ਦੇ ਵੇਲਣੇ ਵਿਚ', 'ਗਾਰਦ ਹੋ ਗਿਆ', 'ਧਾਗਿਆਂ 'ਚ ਜਕੜੀ' 'ਪੰਜ ਹਜ਼ਾਰੀ ਸੂਟ' 'ਬਗਲੇ ਭਗਤ', 'ਪਟਾਕਾ', 'ਜ਼ਮੀਰ' ਕਹਾਣੀਆਂ ਵੀ ਮੈਂ ਪੜ੍ਹ ਲਈਆਂ ਹਨ। ਇਨ੍ਹਾਂ ਵਿਚੋਂ "ਧਾਗਿਆਂ 'ਚ ਜਕੜੀ" ਬਹੁਤ ਵਧੀਆ ਲਗਦਾ ਹੈ। ਹੋਰ ਕਈ ਕਹਾਣੀਆਂ ਵੀ ਅਲੱਗ ਅਲੱਗ ਨੁਕਤਿਆਂ ਤੋਂ ਪ੍ਰਸੰਸਾ ਕਰਨ ਦੇ ਯੋਗ ਹਨ। ਸਭ ਤੋਂ ਵਧੀਆ ਗੱਲ ਇਸ ਅੰਕ ਬਾਰੇ ਇਹ ਹੈ ਕਿ ਪਹਿਲੀ ਵਾਰ ਐਨੇ ਵੱਡੇ ਪੈਮਾਨੇ ਤੇ ਕੈਨੇਡੀਅਨ ਭਾਰਤੀਆਂ ਦੀ ਸਹੀ ਸਹੀ ਜ਼ਿੰਦਗੀ ਨੂੰ ਚਿਤਰਿਆ ਹੋਇਆ ਮਿਲਦਾ ਹੈ। ਇਹ ਅੰਕ ਕੈਨੇਡਾ ਦੇ ਭਾਰਤੀ ਲੇਖਕਾਂ ਬਾਰੇ ਬੜਾ ਸੁਖਾਵਾਂ ਪ੍ਰਭਾਵ ਪਾਉਂਦਾ ਹੈ। ਮੈਂ ਤੁਹਾਨੂੰ ਐਨਾ ਸੋਹਣਾ ਅੰਕ ਕੱਢਣ ਉਤੇ ਵਧਾਈ ਦਿੰਦਾ ਹਾਂ।

ਇਸ ਅੰਕ ਦੇ ਅਧਾਰ ਤੇ ਮੈਂ ਸ਼ਾਇਦ ਇਕ ਲੇਖ 'ਕੈਨੇਡਾ ਦੇ ਭਾਰਤੀ ਤੇ ਉਨ੍ਹਾਂ ਬਾਰੇ ਸਾਹਿਤ" ਲਿਖਾਂ। ਜੇ ਲਿਖ ਲਿਆ, ਤਾਂ ਇਸੇ ਕਿਸੇ ਪਰਚੇ ਵਿਚ ਛਪਾਂਗਾ ਤੇ ਫਿਰ ਉਸਦੀ ਕਟਿੰਗ ਤੁਹਾਨੂੰ ਭੇਜਾਂਗਾ। ਮੈਂ ਆਉਣ ਵਾਲੇ ਮਹੀਨਿਆਂ ਵਿਚ ਇਕ ਲੇਖ ਲੜੀ ਪ੍ਰੀਤਲੜੀ ਜਾਂ ਕਿਸੇ ਹੋਰ ਰਸਾਲੇ ਵਿਚ ਸ਼ੁਰੂ ਕਰਨ ਬਾਰੇ ਸੋਚ ਰਿਹਾ ਹਾਂ ਜਿਸ ਦਾ ਨਾਂ ਹੋਵੇਗਾ "ਪ੍ਰਦੇਸਾਂ ਵਿਚ ਬੈਠੇ ਪੰਜਾਬੀ ਲੇਖਕ"। ਇਸ ਲਈ ਜਿਹੜੇ ਲੇਖਕ ਦੋਸਤਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹੋਣ ਜਾਂ ਛਪ ਰਹੀਆਂ ਹੋਣ ਉਹ ਉਨ੍ਹਾਂ ਦੀ ਇਕ ਇਕ ਕਾਪੀ ਮੈਨੂੰ ਭਿਜਵਾਣ ਦੀ ਕ੍ਰਿਪਾ ਕਰਨ। ਮੇਰੇ "ਪੰਜਾਬੀ ਸਾਹਿਤ ਦਾ ਇਤਿਹਾਸ" ਵਿਚ ਵੀ ਇਕ ਕਾਂਡ" ਬਦੇਸ਼ਾਂ ਵਿਚ ਲਿਖਿਆ ਜਾ ਰਿਹਾ ਪੰਜਾਬੀ ਸਾਹਿਤ ਹੈ। ਅਗਲੇ ਐਡੀਸ਼ਨ ਵਿਚ ਇਸ ਨੂੰ ਜ਼ਿਆਦਾ ਵਿਸਥਾਰ ਦਿਆਂਗਾ।

ਪ੍ਰੋ: ਪਿਆਰਾ ਸਿੰਘ ਭੋਗਲ
ਜਲੰਧਰ / ਪੰਜਾਬ

ਤੁਹਾਡਾ "ਵਤਨੋਂ ਦੂਰ" ਮੈਗਜ਼ੀਨ ਮੈਨੂੰ ਲਗਾਤਾਰ ਮਿਲ ਰਿਹਾ ਹੈ। ਹਰ ਮਹੀਨੇ ਦਾ ਮੈਗਜ਼ੀਨ ਇਉਂ ਪ੍ਰਾਪਤ ਕਰਦਾ ਹਾਂ ਜਿਵੇਂ ਕਿ ਕੋਈ ਬਹੁਮੁੱਲੀ ਸੁਗਾਤ ਪ੍ਰਾਪਤ ਕਰ ਰਿਹਾ ਹੋਵਾਂ। ਜੂਨ ਦੇ ਅੰਕ ਵਿਚ ਡਾ: ਮਹਿੰਦਰ ਕੁਮਾਰ ਦਾ 'ਚੀਨ 'ਚ ਮੁਸਲਮਨ ਇਨਕਲਾਬ' ਬਹੁਤ ਪਸੰਦ ਆਇਆ। ਜੁਲਾਈ ਅਗਸਤ ਦਾ 'ਕੈਨੇਡੀਅਨ ਪੰਜਾਬੀ ਅੰਕ' ਅਜੋਕੀ ਪੰਜਾਬੀ ਨਿੱਕੀ ਕਹਾਣੀ ਵਿਚ ਕਾਫੀ ਅਗਾਂਹਵਧੂ ਅੰਕ ਕਿਹਾ ਜਾ ਸਕਦਾ ਹੈ। ਭਾਵੇਂ ਕਈ ਲੇਖਕਾਂ ਦੀਆਂ ਕਹਾਣੀਆਂ ਵਿਚ ਸਾਨੂੰ ਕੋਈ ਸੁਝਾਉ ਗੱਲ ਨਹੀਂ ਲੱਭਦਾ ਜਿਵੇਂ ਕਿ ਸੁਖੀ ਅਮਰਜੀਤ ਦੀ ਕਹਾਣੀ "ਸਮੇਂ ਦੇ ਵੇਲਣੇ ਵਿਚ" ਅਜਮੇਰ ਰੋਡੇ "ਨੰਬਰ ਵੱਨ" ਤੇ ਬਲਰਾਜ ਸਿੱਧੂ ਦੀ ਕਹਾਣੀ ਮਿੱਟੀ ਦੇ ਪਿਉਂਦੇ ਤੇ ਇਕ ਦੋ ਹੋਰ ਕਹਾਣੀਆਂ ਪੜ੍ਹਨ ਪਿਛੋਂ ਕੋਈ ਮਨ ਨੂੰ ਸੰਤੁਸ਼ਟਤਾ ਜਿਹੀ ਨਹੀਂ ਹੁੰਦੀ ਪਰ ਜਿਸ ਤਰ੍ਹਾਂ ਕਿ ਤੁਸੀਂ ਆਪ ਹੀ ਲਿਖ ਦਿੱਤਾ ਹੈ ਕਿ ਅਸੀਂ ਇਸ ਮੈਗ਼ਜ਼ੀਨ ਵਿਚ ਵੱਧ ਤੋਂ ਵੱਧ ਲੇਖਕ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਈ ਕਹਾਣੀਕਾਰ ਅਜੇ ਵੇਲਾਂ ਵਾਂਗ ਪੁੰਗਰਨ ਹੀ ਲੱਗੇ ਹਨ, ਇਸ ਪੱਖੋਂ ਇਹ ਵੀ ਸਫਲ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। ਮੈਂ ਸਮੁੱਚੇ ਤੌਰ ਤੇ ਸਾਰੇ ਕਹਾਣੀਕਾਰਾਂ ਨੂੰ ਉਤਸ਼ਾਹ ਦੇਵਾਂਗਾ ਕਿ ਉਹ ਪ੍ਰਦੇਸਾਂ ਵਿਚ ਰਹਿ ਕੇ ਹੋਰ ਵੀ ਚੰਗੀਆਂ ਤੇ ਅਗਾਂਹਵਧੂ, ਪ੍ਰਗਤੀਵਾਦੀ ਕਹਾਣੀਆਂ ਲਿਖ ਕੇ ਕਹਾਣੀ ਸਾਹਿਤ ਵਿਚ ਵਾਧਾ ਕਰਨ

ਹਰਦੇਵ ਸਿੰਘ ਕਲਸੀ
ਮਿਲਰਗੰਜ / ਲੁਧਿਆਣਾ

ਜੁਲਾਈ - ਅਗਸਤ ਦਾ ਕਹਾਣੀ ਅੰਕ ਤੁਸੀਂ ਸੱਚ ਮੁੱਚ ਹੀ ਲੋਕਾਂ ਦੀ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ ਤੇ ਹਰ ਕੋਈ ਬੜੇ ਚਾਅ ਨਾਲ ਪੜ੍ਹਨੇ ਦੀ ਪ੍ਰਸੰਸਾ ਕਰਦਾ ਹੈ। ਕਹਾਣੀਆਂ ਦੀ ਭਾਸ਼ਾ ਵਿਚ ਪੇਂਡੂਪਣ ਦਾ ਹੋਣਾ ਹਰ ਕਿਸੇ ਨੂੰ ਬੀਤੇ ਦੀ ਯਾਦ ਦਿਲਾਉਂਦਾ ਹੈ ਤੇ ਫਿਰ ਚੋਰੀ ਚੱਟ ਕੇ ਜਿਹੇ ਰੂਪਣ ਜਿਹਾ ਸੁਆਦ ਆਉਂਦਾ ਹੈ। ਸਤੰਬਰ ਅੰਕ ਵਿਚ 'ਜਸਬੀਰ

ਬਾਹਰ' ਦੀ ਨਕਸ਼ ਪਰਚੇ ਦੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੀ ਹੈ। ਕੈਨੇਡਾ ਵਿਚ ਪੰਜਾਬੀ ਲਿਖਾਰੀਆਂ ਦਾ ਵਧਣਾ ਪੰਜਾਬੀ ਬੋਲੀ ਲਈ ਮਾਣ ਵਾਲੀ ਗੱਲ ਹੈ ਤੇ ਤੁਹਾਡਾ ਨਵੇਂ ਲਿਖਾਰੀਆਂ ਨੂੰ ਉਤਸ਼ਾਹਿਤ ਕਰਨਾ ਵਧਾਈ ਦਾ ਪਾਤਰ ਬਣਾਉਂਦਾ ਹੈ। 

ਬਲਰਾਜ ਸਿੱਧੂ
ਪੋਰਟ ਐਲਬਰਨੀ / ਬੀ. ਸੀ.

ਮੇਰੇ ਹੱਥ ਵਿਚ ਜੁਲਾਈ–ਅਗਸਤ ਦਾ "ਵਤਨੋਂ ਦੂਰ" ਕੈਨੇਡੀਅਨ ਪੰਜਾਬੀ ਕਹਾਣੀ ਅੰਕ" ਹੈ। ਇਸ ਵਿਚ ਆਪ ਦਾ ਐਡੀਟੋਰੀਅਲ ਪੜ੍ਹ ਚੁੱਕਾ ਹਾਂ – ਪੜ੍ਹ ਕੇ ਬੇਅੰਤ ਖੁਸ਼ੀ ਤੇ ਉਤਸ਼ਾਹ ਹੋਇਆ। ਇਸ ਤਰ੍ਹਾਂ ਮਹਿਸੂਸ ਹੋਇਆ ਕਿ ਨਵੇਂ ਸਾਹਿਤਕਾਰ ਘੜਨ ਵਾਲਾ ਸਿਰਫ ਇਹ ਹੀ ਇਕੋ ਪਰਚਾ ਮੈਂ ਅਜੇ ਤੱਕ ਪੜ੍ਹਿਆ ਹੈ। ਆਪ ਨੇ ਜੋ ਨਵੇਂ ਲੇਖਕਾਂ ਨੂੰ ਉਤਸ਼ਾਹ ਤੇ ਮੌਕਾ ਪੇਸ਼ ਕੀਤਾ ਏ ਏਸ ਦੀ ਮਿਸਾਲ ਆਪ ਹੀ ਹੋ। ਉਮੀਦ ਹੈ ਏਸੇ ਤਰ੍ਹਾਂ ਆਪ ਏਸ ਦੀ ਸੇਧ ਨੂੰ ਬਣਾਈ ਰੱਖੋਗੇ।

ਨਛੱਤਰ ਸਿੰਘ ਪੁਰਬਾ
ਕੈਲਗਰੀ

ਪਰਚਾ ਭੇਜਣ ਲਈ ਧੰਨਵਾਦ। ਮਈ ਅੰਕ ਤੇ ਕਹਾਣੀ ਅੰਕ ਮਿਲਿਆ। ਸਮੁੰਦਰੋਂ ਸਮੁੰਦਰੋਂ ਪਾਰ ਬੈਠੇ ਵੀ ਆਪ ਪੰਜਾਬੀ ਮਾਂ ਬੋਲੀ ਦੀ ਸੇਵਾ ਨੂੰ ਮੁੱਖ ਰੱਖਦਿਆਂ ਕਿੰਨੀ ਅਦੁੱਤੀ ਸੇਵਾ ਕਰ ਰਹੇ ਹੋ। ਬੜੀ ਮਾਣ ਵਾਲੀ ਗੱਲ ਹੈ। ਮਈ ਅੰਕ ਵਿਚ ਹਰਜੀਤ ਦੌਧਰੀਆ, ਸੁਰਜੀਤ ਬਰਾੜ, ਰੇਵੀ ਅਸਲੀ ਤੇ ਸਮਾਰ ਅੱਤਾਰ ਬਾਜ਼ੀ ਲੈ ਗਏ ਹਨ। ਗੱਲ ਕੀ ਪਰਚੇ ਦੀ ਇਕਰਸਾਬੀ ਭੰਗਣ ਪਰਚੇ ਨੂੰ ਹੋਰ ਵੀ ਨਿਖੇਰਦੀ ਸੀ। ਕਹਾਣੀ ਅੰਕ ਅਜੇ ਪੜ੍ਹਿਆ ਨਹੀਂ ਪੜ੍ਹਕੇ ਲਿਖਾਂਗਾ।

ਦੇਵ ਗਊਰੇ
ਗਊਰੇ ਕਲਾਂ / ਫਰੀਦਕੋਟ

"ਵਤਨੋਂ ਦੂਰ" ਮੈਂ ਕਾਫੀ ਸਮੇਂ ਤੋਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ। ਬਦੇਸ਼ਾਂ ਵਿਚ ਵੀ ਆਪਣੇ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨਾ ਚਾਹੀਦਾ ਹੈ। ਤੁਸੀਂ ਬਦੇਸ਼ਾਂ ਵਿਚੋਂ "ਵਤਨੋਂ ਦੂਰ" ਕੱਢ ਕੇ ਆਪਣਾ, ਬੀ. ਸੀ. ਦਾ ਸਿਰ ਉੱਚਾ ਕੀਤਾ ਹੋਇਆ ਹੈ। ਏਧਰ ਸਾਡੇ ਡੁਬਈ ( ਯੂ. ਏ. ਈ. ) ਵਿਚ ਪੰਜਾਬੀਆਂ ਦੀ ਭਾਰੀ ਗਿਣਤੀ ਹੈ, ਪਰ ਇਹੋ ਜਿਹਾ ਕੋਈ ਵੀ ਪਰਚਾ ਇਥੇ ਨਹੀਂ ਕੱਢਿਆ ਜਾਂਦਾ। ਤੁਸੀਂ "ਵਤਨੋਂ ਦੂਰ" ਵਿਚ ਵੱਧ ਤੋਂ ਵੱਧ ਚੰਗੀਆਂ ਰਚਨਾ ਦਿਆ ਕਰੋ ਤਾਂ ਕਿ ਇਸ ਦੀ ਮੰਗ ਹੋਰ ਵੀ ਵੱਧ ਹੋਵੇ। ਮੈਂ "ਵਤਨੋਂ ਦੂਰ" ਨੂੰ ਹਮੇਸ਼ਾ ਸਫਲਤਾ ਦੀਆਂ ਮੰਜ਼ਲਾਂ ਵੱਲ ਤੋਰਨਾ ਚਾਹੁੰਦਾ ਹਾਂ।

ਪਰਮਜੀਤ ਪੰਮੀ
ਡੁਬਈ, ਯੂ. ਏ. ਈ.

**NOW–A LIFE INSURANCE POLICY THAT GUARANTEES EVERY CENT OF YOUR MONEY BACK**

SAVE MORE INCOME TAX THROUGH R.R.S.P.

***anytime you ask — after premiums have been paid and the policy has been in force for two years.***

*We also provide various other forms of insurance, such as:*

* Investment plans
* Mortgage Insurance
* Children's Educational Plans
* Accident & Sickness policy
* Registered Retirement Savings plans
* Travel insurance
* Annuity Plans, etc., etc.

Office
273-2961



RUPINDER AZAD M.A.
Unit Supervisor
325-0774

**SEABOARD LIFE INSURANCE COMPANY**

202 - 4640 No. 3 rd. Richmond, B.C.

PACIFIC 66

COMPLETE AUTO SERVICE

ELECTRONIC TUNE UPS, BRAKES, VALVES ETC.

FOR ALL MAKES AND MODELS

ਆਪਣੀਆਂ ਹਰ ਕਿਸਮ ਦੀਆਂ ਕਾਰਾਂ ਦੀ ਤਸੱਲੀ ਬਖਸ਼
ਮੁਰੰਮਤ ਕਰਾਉਣ ਵਾਸਤੇ, ਤੇ ਸਸਤੇ ਭਾਅ ਗੈਸ
ਖ੍ਰੀਦਣ ਵਾਸਤੇ ਤੇ ਭਰੋਸੇ ਜੋਗ ਸਰਵਿਸ ਲਈ ਸਾਨੂੰ
ਸੇਵਾ ਦਾ ਮੌਕਾ ਦਿਓ। ਸਾਡੇ ਮਕੈਨਿਕ ਹਰ ਵਕਤ
ਤੱਤਪਰ ਰਹਿੰਦੇ ਹਨ।

PHONE 874-9828

MID VAN 66

3860 MAIN STREET

VANCOUVER, B.C.



# BHAGAT ENTERPRISES

ਫਰੇਜ਼ਰ ਵੈਲੀ ਦੇ ਭਾਰਤੀਆਂ ਲਈ ਖੁਸ਼ਖਬਰੀ

ਹੁਣ ਤੁਹਾਨੂੰ ਗਰੋਸਰੀ ਤੇ ਹੋਰ ਘਰੇਲੂ ਚੀਜ਼ਾਂ
ਖ੍ਰੀਦਣ ਲਈ ਦੂਰ ਨਹੀਂ ਜਾਣਾ ਪਵੇਗਾ।
ਕਿਉਂਕਿ ਹੁਣ ਕਲੀਅਰ ਬਰੁੱਕ ਵਿਚ ਗਰੋਸਰੀ
ਦੀ ਦੁਕਾਨ ਖੁੱਲ੍ਹ ਗਈ ਹੈ।
ਭਾਰਤੀ ਗਰੋਸਰੀ ਖ੍ਰੀਦਣ ਲਈ:-

ਭਗਤ ਇੰਟਰਪਰਾਈਜ਼ ਤੇ ਆਓ
ਜਿਸ ਦਾ ਪਤਾ 2500 ਕਲੀਅਰਬਰੂਕ ਰੋਡ ਹੈ

ਹੋਰ ਜਾਣਕਾਰੀ ਲਈ ਫੋਨ ਕਰੋ ਜਸਵੰਤ
ਜਾਂ ਓਮਪਾਲ ਨੂੰ:

853-4312

* ਇਥੋਂ ਤੁਹਾਨੂੰ ਹਰ ਕਿਸਮ ਦੇ ਹਿੰਦੀ ਪੰਜਾਬੀ
ਦੇ ਰੀਕਾਰਡ ਤੇ ਟੇਪਾਂ ਵੀ ਮਿਲ ਸਕਦੀਆਂ ਹਨ।

* ਇਥੋਂ ਤੁਸੀਂ 'ਵਤਨੋਂ ਦੂਰ' ਵੀ ਪ੍ਰਾਪਤ ਕਰ ਸਕਦੇ ਹੋ।

**BHAGAT ENTERPRISES**
2500 CLEARBROOK ROAD
CLEARBROOK, B.C.
**PHONE: 853-4312**



# T. PLASKETT LTD.

CARRY-IN
ELECTRIC APPLIANCE SERVICE

TOASTERS - MIXERS - BLENDERS
PERCS - CAN OPENERS - VACUUM CLEANERS
FRY PANS - KETTLES - IRONS - RADIOS
TV - AUTHORIZED SERVICE STATION FOR HONEYWELL
AIR CLEANERS - GE AND RIVAL SMALL APPLIANCES

ਘਰਾਂ ਚ ਛੋਟੇ ਨ ਬਿਜਲੀ ਦੇ ਅਪਲਾਇੰਸਿਸ ਜਿਵੇਂ ਕਿ
ਟੋਸਟਰ - ਕੈਨ ਓਪਨਰ - ਗਰਦ ਸਾਫ ਕਰਨ ਵਾਲੀਆਂ
ਮਸ਼ੀਨਾਂ ਬਿਜਲੀ ਦੀਆਂ ਕੇਤਲੀਆਂ - ਪ੍ਰੈੱਸ - ਟੀ.ਵੀ.
ਦੀ ਮੁਰੰਮਤ ਸਸਤੇ ਭਾਅ ਕਰਵਾਉਣ ਲਈ ਸਾਡੇ
ਕੋਲ ਆਓ!

874-5268

3958 MAIN ST.
VANCOUVER, B.C.
V5V 3P2



# IS HIGH INCOME YOUR PROBLEM?

Are you expecting your income
— and resulting tax —
to be unusually high this year?

Ask me to show you how an income-averaging annuity spreads forward certain "unusual income receipts" over your lifetime or over a fixed number of years. This generally reduces the income tax you have to pay and increases your after-tax income.

MOHINDAR S. GILL, B.Comm., M.B.A., C.G.A.

SUN LIFE OF CANADA
700 ROYAL CENTRE (Box 11112)
1055 W. GEORGIA ST.
VANCOUVER, B.C. V6E 3P3


lephone: Off: 682-8441
Res: 433-1684

Get your life in shape.
Sun Life OF CANADA

# A FANTASTIC INSURANCE PROGRAMME

## Available in Canada UP TO $50,000

***NOW — a life insurance policy that GUARANTEES EVERY CENT OF YOUR MONEY BACK anytime you ask — after premiums have been paid and the policy has been in force for two years.***




JARNAIL S. SARAN
Life Underwriter
273-6708

***For further information please feel free to call any one of us without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



JAGJIT SINGH SIDHU M.A.
Unit Supervisor
Res.: 324-2493

## SEABOARD LIFE INSURANCE COMPANY

**202 - 4640 No. 3 rd. Richmond, B.C. Office 273-2961**

---

## YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!

## HARPAL TOOR

**Res. 524-9848**
**Off. 324-3888**

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਨਕਦ ਵੇਚਣ ਲਈ
ਹਰਪਾਲ ਤੂਰ
ਨੂੰ ਸੇਵਾ ਦਾ ਮੌਕਾ ਦਿਓ।




T. J. LOVEROCK REALTY
5316 Victoria Dr., Van. B.C.

## INTERNATIONAL UNISEX HAIRSTYLING

INTRODUCES
ANOTHER SERVICE TO OUR CUSTOMERS AND FRIENDS'

*SPECIALIZING IN*

- ★ **ELECTROLYSIS**
- ★ **PERMANENT HAIR REMOVAL**



**ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ**

**Phone 736-4727**

**2582 Alma St. Vancouver**

OPEN 5 DAYS A WEEK TUES. THRU SAT.

***Imported Printed; Plain & Embroidered Sarees***

SPECIALISTS IN:

***All kinds of Quality Fabrics***
***Chuni, Lehngas***
***Suits, Silk Suits***

**Wedding Daj & Wari,**

***Kurtas; Men's Shirts, Cardigans Latest Fashions from Japan, India & U.K.***

FRONTIER SAREES

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

Manager Vancouver Branch:
SUSHIL BATRA

Phones: Bus. 325-4424
Res. 324-5156

# FRONTIER CLOTH HOUSE LTD.

6672 MAIN STREET VANCOUVER, B.C.



WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.



**WATNO DUR**
P.O. BOX 67681 STN. "O"
VANCOUVER, B.C.
V5W 3V2